**Scholarly Research Journal for Humanity Science & English Language,**
**Online ISSN 2348-3083, SJ IMPACT FACTOR 2021: 7.278, www.srjis.com**
PEER REVIEWED & REFEREED JOURNAL, OCT-NOV, 2021, VOL-9/48

# ਮਾਲਵੇ ਦੀਆਂ ਲੋਕ ਬੋਲੀਆਂ ਰਾਹੀ ਪ੍ਰਗਟ ਹੁੰਦੇ ਵਿਭਿੰਨ ਰਿਸ਼ਤਿਆਂ ਦਾ ਸਰੂਪ

**Navneet Kaur**
*PhD Punjabi RIMT University Mandi Gobindgarh*

**Paper Received On:** 25 NOV 2021
**Peer Reviewed On:** 30 NOV 2021
**Published On:** 1 DEC 2021

***Scholarly Research Journal's* is licensed Based on a work at *www.srjis.com***

ਹਰ ਸਮਾਜ ਵਿਚ ਪਰਿਵਾਰ ਇਕ ਪ੍ਰਵਾਨਿਤ ਸੰਸਥਾ ਹੈ ਅਤੇ ਹਰੇਕ ਮਨੁੱਖ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਮਨੁੱਖ ਪਰਿਵਾਰ ਬਿਨ੍ਹਾਂ ਬਿਲਕੁੱਲ ਅਧੂਰਾ ਹੈ। ਪਰਿਵਾਰਾਕ ਰਿਸ਼ਤਿਆਂ ਦਾ ਸਰੂਪ ਪਤੀ ਪਤਨੀ ਦੇ ਸੰਬੰਧਾਂ ਤੇ ਆਧਾਰਿਤ ਹੈ। ਕਿੰਗਜ਼ਲੇ ਡੇਵਿਸ ਪਰਿਵਾਰ ਦੀ ਪਰਿਭਾਸ਼ਾਂ ਦਿੰਦੇ ਹੋਏ ਲਿਖਦੇ ਹਨ: "ਪਰਿਵਾਰ ਬੱਚਿਆਂ ਅਤੇ ਮਾਪਿਆਂ ਦੁਆਰਾ ਬਣਦਾ ਹੈ। ਇਹ ਸਭ ਤੋਂ ਛੋਟਾ ਰਿਸ਼ਤੇਦਾਰੀ ਜੁੱਟ ਹੈ।" ਪਤੀ-ਪਤਨੀ ਸੰਬੰਧਾਂ ਤੋਂ ਹੀ ਰਿਸ਼ਤਾ ਪ੍ਰਣਾਲੀ ਵਿੱਚ ਨਾਨਕੇ ਅਤੇ ਦਾਦਕੇ ਪਰਿਵਾਰ ਦੇ ਦੋ ਮੁੱਖ ਥੰਮ ਖੜ੍ਹੇ ਹੁੰਦੇ ਹਨ। ਜਿਹਨਾਂ ਤੋਂ ਸਾਰੇ ਸਮੁੱਚੇ ਕੁੜਮਚਾਰੀ, ਸਾਕਾਚਾਰੀ ਜਾਂ ਰਿਸ਼ਤੇਦਾਰੀ ਦਾ ਤਾਣਾ-ਪੇਟਾ ਟਿਕਿਆ ਹੋਇਆ ਹੈ। ਨਾਨਕੇ ਸ਼ਬਦ ਦਾ ਅਰਥ ਹੈ ਮਾਂ ਦੇ ਮਾਪਿਆਂ ਦਾ ਘਰ, ਜਿਸ ਵਿੱਚ ਮਾਂ ਦੇ ਮਾਂ-ਪਿਓ, ਭੈਣ-ਭਰਾ ਸ਼ਾਮਲ ਹੁੰਦੇ ਹਨ।

ਨਾਨਕੇ ਸ਼ਬਦ ਦੀ ਉਤਪਤੀ ਨਾਨਕਿਆਂ ਸ਼ਬਦ ਦਾ ਸੰਖੇਪ ਰੂਪ ਹੈ। ਜਿਸਦਾ ਅਰਥ ਹੈ ਮਾਂ ਦਾ ਪੇਕਾ ਪਰਿਵਾਰ ਅਤੇ ਉਸ ਵਿਚ ਪਲ ਰਹੇ ਵੰਨ-ਸੁਵੰਨੇ ਰਿਸ਼ਤੇ ਦਾਦਕੇ ਸ਼ਬਦ ਦਾਦੇਕਿਆਂ ਦਾ ਸੰਖੇਪ ਰੂਪ ਹੈ। ਇਹਨਾਂ ਵਿੱਚ ਇਕ ਧਿਰ ਮਾਂ ਦੇ ਪੇਕਿਆਂ ਨਾਲ ਸੰਬੰਧ ਰੱਖਦੀ ਹੈ ਤੇ ਦੂਜੀ ਧਿਰ ਪਿਤਾ ਦੇ ਪੇਕਿਆ ਨਾਲ ਸੰਬੰਧ ਰੱਖਦੀ ਹੈ। ਦਾਦਕੀ ਧਿਰ ਨੂੰ ਵਧੇਰੇ ਮਾਣ-ਸਤਿਕਰਾ ਪ੍ਰਾਪਤ ਹੈ। ਕਿਉਂਕਿ ਪੰਜਾਬੀ ਸਮਾਜ ਦੀ ਬਣਤਰ ਪਿਤਾ-ਪੁਰਖੀ ਕਦਰਾਂ-ਕੀਮਤਾਂ ਨਾਲ ਜੁੜੀ ਹੋਈ ਹੈ। ਨਾਨਕਿਆਂ ਅਤੇ ਦਾਦਕਿਆਂ ਦੀ ਮਹਾਨਤਾ ਦੱਸਦੇ ਹੋਏ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਲਿਖਦੇ ਹਨ:

ਸਾਕਾਂ ਦੇ ਦੋ ਵੱਡੇ ਭੰਵਰ ਨਾਨਕੇ ਦਾਦਕੇ ਹਨ, ਇਹ ਦੋ ਅਜਿਹੀਆਂ ਫੁਲਵਾੜੀਆਂ ਹਨ, ਜਿਨਾ ਦਾ ਆਪੋ-ਆਪਣਾ ਰਸ ਅਤੇ ਸੁਆਦ ਹੁੰਦਾ ਹੈ। ਇਕ ਫੁੱਲ ਦੀ ਮਹਿਕ ਦੂਜੀ ਵਿੱਚ ਨਹੀਂ ਮਿਲਦੀ। ਇਕ ਫੁਲਵਾੜੀ ਦਾ ਰਸ ਪੀ ਪੀ ਕੇ ਜਦੋਂ ਬੱਚਾ ਰੱਜ ਜਾਂਦਾ ਹੈ ਤਾਂ ਦੂਜੀ ਲਈ ਮਹਿਕਦਾ ਹੈ।

*Copyright © 2021, Scholarly Research Journal for Humanity Science & English Language*

ਦਾਦਕੇ ਪਿਤਾ ਨਾਲ ਸਬੰਧਿਤ ਲਹੂ ਦੇ ਸਾਕਾਂ ਦਾ ਸਮੂਹ ਹਨ, ਨਾਨਕੇ ਮਾਂ ਨਾਲ ਸੰਬੰਧਿਤ ਲਹੂ ਦੇ ਸਾਕਾਦਾਰੀ ਦਾ ਕੇਂਦਰ ਬਿੰਦੂ ਹਨ।ਰੈਡਕਲਿਫ ਬਰਾਊਨ ਦੇ ਕਥਨ ਅਨੁਸਾਰ:

"ਵੱਖ-ਵੱਖ ਰਿਸ਼ਤੇ ਮਾਨਵ ਜੀਵਨ ਦੇ ਵਿਭਿੰਨ ਪੱਖਾ ਦੀ ਮਾਨਸਿਕਤਾ, ਆਰਥਿਕਤਾ, ਸਮਾਜਿਕਤਾ ਅਤੇ ਧਾਰਮਿਕਤਾ ਦੀ ਮਹੱਤਤਾ ਦਾ ਸਰੂਪ ਪੇਸ਼ ਕਰਦੇ ਹਨ। ਇਸ ਤਰ੍ਹਾਂ ਮਾਨਵ ਇਕੋ ਸਮੇਂ ਰਿਸ਼ਤਿਆਂ ਦੀਆਂ ਅਨੇਕ ਤੰਦਾਂ ਵਿੱਚ ਬੱਝਿਆ ਰਹਿੰਦਾ ਹੈ। ਉਦਾਹਰਣ ਵਜੋਂ ਨਾਨਕਿਆ, ਦਾਦਕਿਆਂ, ਸਹੁਰਿਆਂ ਆਦਿ ਨਾਲ ਸੰਬੰਧਿਤ ਅਨੇਕਾਂ ਪ੍ਰਕਾਰ ਦੇ ਰਿਸ਼ਤੇ ਗਿਣਾਏ ਜਾ ਸਕਦੇ ਹਨ।"

ਸੰਤਾਨ ਲਈ ਜਿਹੜੀ ਧਿਰ ਨਾਨਕੇ ਹਨ ਉਹ ਪਿਤਾ ਦੇ ਸਹੁਰੇ ਅਤੇ ਮਾਤਾ ਦੇ ਪੇਕੇ ਹੁੰਦੇ ਹਨ। ਗਿੱਧੇ ਦੀਆਂ ਬੋਲੀਆਂ ਵਿੱਚ ਬੱਚੇ ਦੀ ਤਰਫ ਤੋਂ ਨਾਨਾ-ਨਾਨੀ ਵਰਗੇ ਰਿਸ਼ਤੇ ਨੂੰ ਕਿਤੇ ਮੁਖਾਤਿਬ ਹੋਇਆ ਗਿਆ ਹੋਵੇ ਇਹ ਦੇਖਣ ਵਿੱਚ ਨਹੀਂ ਆਉਂਦੀ ਪਰੰਤੂ ਮਾਮਾ-ਮਾਮੀ ਦ ਰਿਸ਼ਤਾ ਲੋਕ-ਬੋਲੀਆਂ ਵਿੱਚ ਅਕਸਰ ਪੇਸ਼ ਹੋਇਆ ਮਿਲਦਾ ਹੈ।

ਸਾਕਾਦਾਰੀ ਸੰਬੰਧਾਂ ਵਿੱਚ ਮਾਮਾ-ਮਾਮੀ ਦਾ ਰਿਸ਼ਤਾ ਆਦਰਯੋਗ ਹੈ ਪਰੰਤੂ ਮਾਮੀ ਬਾਰੇ ਵਿਆਹ ਸਾਦੀ ਦੇ ਸਮੇ ਕਿਤੇ-ਕਿਤੇ ਵਿਅੰਗਮਈ ਬੋਲ ਬੋਲੇ ਮਿਲਦੇ ਹਨ ਜਿਵੇਂ:

ਨਿੱਕੀ ਜਿਹੀ ਕੋਠੜੀਏ
ਤੈ ਵਿੱਚ ਮੇਰਾ ਆਟਾ
ਮਾਮੀ ਦਾਰੀ ਨਿਕਲ ਚੱਲ
ਲੈ ਕੇ ਪੋਲਾ ਝਾਟਾ
ਨਿੱਕੀ ਜਿਹੀ....

ਤਮਾਸ਼ਾ ਨੁਮਾ ਇਹਨਾਂ ਬੋਲੀਆਂ ਵਿੱਚ ਮਾਮੀ ਨੂੰ ਵਿਅੰਗ ਕਟਾਖਸ਼ ਜਾਂ ਕਿਤੇ-ਕਿਤੇ ਤ੍ਰਿਸਕਾਰ ਦੇ ਰੂਪ ਵਿੱਚ ਪੇਸ਼ ਕੀਤਾ ਜਾਣਾ ਮਨੋਵਿਗਿਆਨਕ ਆਧਾਰ ਰੱਖਦਾ ਹੈ। ਮਾਮੀ ਮਾਂ ਦੀ ਭਰਜਾਈ ਹੁੰਦੀ ਹੈ ਤੇ ਨਣਦ ਭਰਜਾਈ ਦਾ ਆਪਸ ਵਿੱਚ ਅੱਗੋਂ ਤਣਾਉਯੁਕਤ ਰਿਸ਼ਤਾ ਹੁੰਦਾ ਹੈ। ਮਨ ਦੇ ਵਿੱਚ ਪੈਦਾ ਹੋਈ ਰੰਜਿਸ਼, ਖਟਾਸ ਕਿਸੇ ਨਾ ਕਿਸੇ ਰੂਪ ਵਿੱਚ ਮਾਮੀ ਪ੍ਰਤੀ ਪ੍ਰਗਟ ਹੋਈ ਮਿਲਦੀ ਹੈ। **'ਆਉਣ ਪਰਾਈਆਂ ਜਾਂਈਆਂ', 'ਵਿਛੋੜਨ ਸਕਿਆਂ ਭਾਈਆਂ'** ਇਸ ਦਾ ਅਰਥ ਕਿ ਵਹੁਟੀਆਂ ਭੈਣਾਂ-ਭਰਾਵਾ ਦੇ ਪਿਆਰ ਵਿੱਚ ਵਿਘਨ ਪਾਉਂਦੀਆਂ ਹਨ। ਇਸ ਲਈ ਮਾਂ ਇਹ ਮਹਿਸੂਸ ਕਰਦੀ ਹੈ ਕਿ ਭਰਾ ਦੀ ਦੂਰੀ ਅਸਲ ਵਿੱਚ ਭਰਜਾਈ ਵਲੋ ਖੜੀ ਕੀਤੀ ਹੁੰਦੀ ਹੈ।

ਇਉਂ ਭਰਜਾਈ ਬੱਚਿਆਂ ਦੀ ਮਾਮੀ ਹੁੰਦੀ ਹੈ। ਮਾਮੀ ਗਿੱਧੇ ਦੇ ਖੁੱਲ੍ਹੇ ਪਿੜ ਵਿੱਚ ਖਿਦੋ ਵਾਂਗ ਜਿੱਧਰ ਜੀਅ ਚਾਹੇ ਉਲਾਰੀ ਜਾਂਦੀ ਹੈ। ਇਹ ਰਿਸ਼ਤਾ ਆਦਰਯੋਗ ਹੋਣ ਦੇ ਬਾਵਜੂਦ ਵੀ ਹਾਸੇ-ਠੱਠੇ ਦਾ ਕੇਂਦਰ ਬਿੰਦੂ ਬਣਨ ਦਾ ਸ਼ਾਇਦ

*Copyright © 2021, Scholarly Research Journal for Humanity Science & English Language*

ਇਕ ਕਾਰਨ ਇਹ ਵੀ ਹੁੰਦਾ ਹੈ ਕਿ ਨਾਨਕਿਆਂ ਨੇ ਨਾਨਕ ਛੱਕ ਭਰਨੀ ਹੁੰਦੀ ਹੈ। ਨਾਨਕੇ ਘਿਰ ਦੇ ਰਿਸ਼ਤੇ ਵਿੱਚ ਜਿਥੇ ਮਾਮਾ ਅੱਧ ਵਰਗੀਆਂ ਰਸਮਾਂ ਦੀ ਪੂਰਤੀ ਕਰਦਾ ਹੈ, ਉਥੇ ਜਾਗੋ, ਛੱਜ ਤੋੜਨਾ ਵਰਗੀਆਂ ਰਸਮਾਂ ਵਿੱਚ ਜਾਂ ਗਿੱਧੇ ਵਿੱਚ ਮੋਹੀਰੀ ਹੋ ਕੇ ਨੱਚਣ ਲਈ ਵੀ ਮਾਮੀ ਦਾ ਮਹੱਤਵਪੂਰਨ ਰੋਲ ਹੁੰਦਾ ਹੈ। ਵਿਆਹ ਦੇ ਮੌਕੇ ਤੇ ਨਾਨਕਿਆਂ ਦੀ ਪੂਰੀ ਪੁੱਛ ਪ੍ਰਤੀਤ ਹੁੰਦੀ ਹੈ। ਹਰਕੇਸ਼ ਸਿੰਘ ਕਹਿਲ ਨਾਨਕਿਆਂ ਦੀ ਮਹੱਤਤਾ ਬਾਰੇ ਲਿਖਦੇ ਹਨ:

"ਸਾਡੇ ਸਮਾਜ ਵਿੱਚ ਹਰ ਪੱਖ ਵਿੱਚ ਕੁੜੀ ਦੇ ਸਹੁਰਿਆਂ ਦਾ ਹੱਥ ਉਪਰ ਰਹਿੰਦਾ ਹੈ। ਉਨ੍ਹਾਂ ਦੀ ਚਲਦੀ ਹੈ, ਉਨਾਂ ਦਾ ਆਖਿਆ ਮੰਨਿਆ ਜਾਂਦਾ ਹੈ। ਦੋਹਤੇ/ਦੋਹਤੀਆਂ, ਭਾਣਜੇ/ਭਾਣਜੀਆਂ ਦੇ ਵਿਆਹਾਂ ਵਿਚ ਨਾਨਕਿਆਂ ਦੀ ਪੂਰੀ ਪੁੱਛ ਪ੍ਰਤੀਤ ਰਹਿੰਦੀ ਹੈ। ਨਾਨਕੇ ਗੀਤਾਂ ਰਾਹੀਂ ਦਾਦਕਿਆਂ ਨੂੰ ਕਾਫ਼ੀ ਕਰਦੇ ਹਨ। ਚੋਭਾ ਲਾਉਂਦੇ ਹਨ, ਵਿਅੰਗ ਕਸਦੇ ਹਨ। ਨਾਨਕਿਆਂ ਨੂੰ ਇਹ ਸਮਾਂ ਆਪਣੀ ਹੋਂਦ ਦਿਖਾਉਣ ਦਾ ਹੁੰਦਾ ਹੈ।"

ਨਾਨਕੀ ਘਿਰ ਤੋਂ ਜੇ ਮਾਂ ਦੀ ਦ੍ਰਿਸ਼ਟ ਤੋਂ ਦੇਖਿਆ ਜਾਵੇ ਤਾਂ ਨਾਨਾ ਮਾਂ ਦਾ ਪਿਤਾ ਅਰਥਾਤ ਲੋਕ ਬੋਲੀਆਂ ਅਤੇ ਲੋਕ ਗੀਤਾਂ ਵਿੱਚ ਬਾਬਲ ਦੇ ਰੂਪ ਵਿੱਚ ਪੇਸ਼ ਹੋਇਆ ਮਿਲਦਾ ਹੈ ਤੇ ਮਾਂ ਅੰਮੜੀ ਦੇ ਬੋਲਾਂ ਵਿੱਚ ਲੋਕ ਪ੍ਰਵਾਨਗੀ ਪ੍ਰਾਪਤ ਕਰਦੀ ਹੈ। ਇਹ ਤਿੰਨੋ ਰਿਸ਼ਤੇ ਹੀ ਨਾਨਕੀ ਘਿਰ ਦੇ ਸਤਿਕਾਰਤ ਰਿਸ਼ਤੇ ਹਨ। ਬਾਬਲ ਦਾ ਰੋਲ ਵੱਡਾ ਹੁੰਦਾ ਹੈ ਤੇ ਧੀ ਬਾਬਲ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਉਦਾਸ ਲਹਿਜ਼ੇ ਵਾਲਾ ਸੰਦੇਸ਼ ਭੇਜਣਾ ਨਹੀਂ ਚਾਹੁੰਦੀ। ਧੀ ਬੋਲੀ ਦੇ ਰੂਪ ਵਿੱਚ ਆਪਣੀ ਮਾਂ-ਪਿਓ ਤੱਕ ਆਪਣੇ ਜਜ਼ਬਾਤਾ ਨੂੰ ਪਹੁੰਚਾਉਦੀ ਹੈ।

ਦਾਣਾ-ਦਾਣਾ-ਦਾਣਾ
ਬਾਪੂ ਤੋਰੀ ਨਾ, ਮੈਂ ਨਹੀਂ ਸਹੁਰੇ ਜਾਣਾ
ਮੇਰਾ ਕੰਤ ਸੁਣੀਂਦਾ ਨਿਆਣਾ
ਗੁੱਲੀ ਡੰਡਾ ਫਿਰੇ ਖੇਡਦਾ
ਪੱਟ ਦਾ ਲਵੇ ਸਿਰਾਣਾ
ਜੇਠ ਮੇਰਾ ਬੜਾ ਕਪੱਤਾ
ਮਾਰੇ ਸੈਨਤਾ ਮੈਨੂੰ ਮਰ ਜਾਣਾ
ਸੱਸ ਮੇਰੀ ਹੱਥ ਜੋੜਦੀ ਮੰਨ
ਲੈ ਗੁਰੂ ਦਾ ਭਾਣਾ,

ਜਿਥੇ ਕਿਤੇ ਬੋਲੀਆਂ ਵਿੱਚ ਬਾਬਲ ਦਾ ਜ਼ਿਕਰ ਆਇਆ ਹੈ ਤਾਂ ਬਾਬਲ ਨੂੰ ਧੀ ਫਰਿਆਦ ਜਾਂ ਵੰਗਾਰ ਦੇ ਰੂਪ ਵਿੱਚ ਰਹੇ ਗਾਏ ਬੋਲ ਹੀ ਮਿਲਦੇ ਹਨ, ਜਿਵੇਂ:

*Copyright © 2021, Scholarly Research Journal for Humanity Science & English Language*

"ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ ਵਿੱਚ ਰਹਿੰਦੀ
ਘੱਟੋ-ਘੱਟ ਮੈਂ ਹੱਥਾਂ ਤੇ ਲਾਵਾਂ
ਫੋਲਕ ਬਣ-ਬਣ ਲਹਿੰਦੀ
ਬੋਲ ਸ਼ਰੀਕਾ ਦੇ ਮੈ ਨਾ
ਬਾਬਲਾ ਸਹਿੰਦੀ।"[1]

ਲੋਕ ਬੋਲੀਆਂ ਵਿੱਚ ਬਾਬਲ ਨੂੰ ਆਪਣੇ ਸ਼ਿਕਵੇ, ਰੋਸੇ ਜਾਂ ਗਮਾਂ ਤੋਂ ਜਾਣੂ ਕਰਵਾਇਆ ਗਿਆ ਹੈ। ਧੀ ਦੀ ਸ਼ਾਦੀ ਲਈ ਬਾਬਲ ਜ਼ਿੰਮੇਵਾਰ ਹੁੰਦਾ ਹੈ, ਲੋਕ ਗੀਤ ਇਸ ਦੀ ਪੁਸ਼ਟੀ ਕਰਦੇ ਹਨ ਕਿ **'ਸਾਡੇ ਬਾਗਾਂ ਦੀ ਕੋਇਲ ਕਹਾਂ ਚਲੀ ਆ'**। ਪੰਜਾਬੀ ਸਮਾਜ ਤੇ ਸਭਿਆਚਾਰ ਵਿੱਚ ਸਾਕਾਦਾਰੀ ਪ੍ਰਣਾਲੀ ਅਧੀਨ ਹਰ ਵਿਅਕਤੀ ਇਕੋ ਪਰਿਵਾਰ ਵਿੱਚ ਰਿਸ਼ਤਿਆ ਦੀ ਅਨੇਕਤਾ ਵਿੱਚ ਵੰਡਿਆ ਹੋਇਆ ਹੈ। ਹਰੇਕ ਮੈਂਬਰ ਦਾ ਇਕੋ ਘਰ ਵਿੱਚ ਰਿਸ਼ਤੇ ਦਾ ਸਰੂਪ ਵੱਖਰਾ-ਵੱਖਰਾ ਹੈ। ਵੱਖਰੇ ਰਿਸ਼ਤੇ ਅਧੀਨ ਉਹ ਵੱਖਰੀ ਸਾਕਾਦਾਰੀ ਨਿਭਾਉਂਦਾ ਹੈ। ਘਰ ਦਾ ਮੁੱਖੀ ਪਿਤਾ ਇਕੋ ਸਮੇਂ ਆਪਣੇ ਬੱਚਿਆ ਦਾ ਪਿਤਾ ਹੈ ਤਾ ਪਤਨੀ ਲਈ ਪਤੀ ਤੇ ਆਪਣੇ ਮਾਤਾ-ਪਿਤਾ ਦਾ ਪੁੱਤਰ ਹੈ, ਭੈਣ ਦਾ ਭਰਾ ਤਾਏ-ਚਾਚਿਆ ਤੇ ਭੂਆ ਦਾ ਭਤੀਜਾ ਹੈ। ਇਸੇ ਤਰ੍ਹਾਂ ਇਕ ਔਰਤ ਪਤਨੀ, ਮਾਂ, ਨੂੰਹ, ਭਰਜਾਈ ਦੇ ਰਿਸ਼ਤੇ ਵਿੱਚ ਪਰਸਪਰ ਵੰਡੀ ਜਾਂਦੀ ਹੈ। ਪਰਿਵਾਰ ਦੇ ਇਹਨਾਂ ਮੁੱਢਲਿਆਂ ਰਿਸ਼ਤਿਆਂ ਵਿੱਚੋਂ ਪਰਿਵਾਰਕ ਸਾਕ-ਸੰਬੰਧਾਂ ਦਾ ਤਾਣਾ-ਬਾਣਾ ਸ਼ੁਰੂ ਹੋ ਜਾਂਦਾ ਹੈ। ਪਿਤਾ ਨਾਲ ਸੰਬੰਧਿਤ ਇਹ ਰਿਸ਼ਤੇ ਦਾਦਕੀ ਧਿਰ (ਦਾਦੇਕਿਆਂ) ਨਾਲ ਸੰਬੰਧਿਤ ਸਾਕਾਦਾਰੀ ਸੰਬੰਧ ਹਨ। ਇਹਨਾਂ ਰਿਸ਼ਤਿਆਂ ਨੂੰ ਵੰਸ਼ ਪਰੰਪਰਾਗਤ ਸਬੰਧ ਵੀ ਕਿਹਾ ਜਾਂਦਾ ਹੈ।ਰਿਸ਼ਤੇ ਦੀ ਸ਼ੁਰੂਆਤ ਇਸਤਰੀ ਅਤੇ ਪੁਰਸ਼ ਦੇ ਵਿਆਹ ਸੰਬੰਧਾਂ ਤੋਂ ਨਿਰਧਾਰਤ ਹੁੰਦੀ ਹੈ। ਵਿਆਹ ਸੰਬੰਧ ਤੋਂ ਬਾਅਦ ਅਗਲੇ ਰਿਸ਼ਤਿਆ ਦਾ ਵਿਸਤਾਰ ਹੁੰਦਾ ਹੈ। ਸਮਾਜ ਨਿਰਮਾਣ ਰਾਹੀ ਮਨੁੱਖ ਦਾ ਮੁੱਢ ਪਸ਼ੂ ਜਗਤ ਤੋਂ ਵਖਰੇਵਾਂ ਧਾਰਨ ਕਰਦਾ ਹੈ ਅਤੇ ਸਮਾਜ ਵਿਚ ਪਰਿਵਾਰਕ ਹੋਂਦ ਰਾਹੀ ਹੀ ਮਨੁੱਖੀ ਵਿਕਾਸ ਦਾ ਮੁੱਖ ਅਤੇ ਸਮਾਜਕ ਕਦਰਾਂ-ਕੀਮਤਾਂ ਅਤੇ ਬੰਦਸ਼ਾਂ ਲਾਗੂ ਕੀਤੀਆਂ ਹਨ। ਰਿਸ਼ਤਿਆਂ ਦੇ ਪਰਿਵਾਰਕ ਪ੍ਰਵਾਹ ਦੇ ਚਲਦਿਆਂ ਰਿਸ਼ਤਿਆਂ ਦਾ ਸਮਾਜਕ ਆਧਾਰ ਤੇ ਫਰਜ਼ ਰਿਸ਼ਤੇ ਦੇ ਸਰੂਪ ਬਦਲਣ ਦੇ ਬਦਲਦੇ ਰਹਿੰਦੇ ਹਨ। ਇਹ ਰਿਸ਼ਤਿਆਂ ਦੀ ਮੁੱਢ ਧਿਰ ਤੇ ਪਛਾਣ ਦਾਦਕੀ ਧਿਰ ਦੇ ਰਿਸ਼ਤਿਆਂ ਵਿੱਚ ਨਿਰਧਾਰਤ ਕੀਤੀ ਜਾ ਸਕਦੀ ਹੈ।

ਔਰਤ ਦੀ ਇੱਕ ਘਰ ਤੋਂ ਦੂਜੇ ਵਿੱਚ ਸਥਾਪਤੀ ਨਾਲ ਹੀ ਸਮਾਜਿਕ ਵਿਕਾਸ ਦਾ ਨਿਰਧਾਰਨ ਹੁੰਦਾ ਹੈ। ਵਿਆਹ ਤੋਂ ਬਾਅਦ ਔਰਤ ਮਰਦ ਦੇ ਆਪਸੀ ਸੰਬੰਧਾਂ ਤੋਂ ਬੱਚੇ ਦੀ ਹੋਂਦ ਪੈਦਾ ਹੁੰਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਨਾਨਕੇ ਅਤੇ ਦਾਦਕੇ ਦੋ ਧਿਰਾਂ ਹੋਂਦ ਗ੍ਰਹਿਣ ਕਰਦੀਆਂ ਹਨ। ਪੰਜਾਬੀ ਸਮਾਜ ਵਿਚ ਦਾਦਕੇ ਪਰਿਵਾਰ ਪ੍ਰਥਮ ਸਾਕਾਦਾਰੀ ਦਾ ਅੰਗ ਹੈ। ਦਾਦਕੇ ਪਰਿਵਾਰ ਵਿੱਚ ਬੱਚਾ ਪਲਦਾ ਹੈ, ਵਧਦਾ-ਫੁਲਦਾ ਤੇ ਜਿੰਦਗੀ ਦੀਆਂ ਕਦਰਾਂ-ਕੀਮਤਾਂ ਅਤੇ

*Copyright © 2021, Scholarly Research Journal for Humanity Science & English Language*

ਰੁਹ-ਰੀਤਾਂ ਸਿੱਖਦਾ ਹੈ। ਦਾਦਕੇ ਘਰ ਦੀ ਮਿੱਟੀ ਵਿੱਚ ਪਿੱਤਰਾ ਦੀ ਰੂਹ ਹੁੰਦੀ ਹੈ। ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ:

"ਬੱਚਾ ਦਾਦਕੀ ਰੂੜੀ ਵਿੱਚ ਹੀ ਸਿਰਜਦਾ ਤੇ ਜਵਾਨ ਹੁੰਦਾ ਹੈ। ਦਾਦਕੇ ਪਿੰਡ ਵਿੱਚ ਹੀ ਉਸ ਦਾ ਜੱਦੀ ਘਰ ਹੁੰਦਾ ਹੈ। ਇਥੋ ਦੀ ਮਿੱਟੀ ਵਿਚੋਂ ਹੀ ਉਸਨੂੰ ਆਪਣੇ ਪੁਰਖਿਆਂ ਦੀ ਮਹਿਕ ਆਉਂਦੀ ਹੈ। ਇਥੋ ਦੇ ਰੀਤ-ਰਿਵਾਜ਼ ਤੇ ਪਰੰਪਰਾ ਉਸਦੇ ਜੀਵਨ ਪ੍ਰਵਾਹ ਵਿੱਚ ਰਚਦੇ ਹਨ।"

ਪੰਜਾਬੀ ਸੱਭਿਆਚਾਰ ਵਿੱਚ ਦਾਦਾ-ਦਾਦੀ ਪੋਤੇ-ਪੋਤੀਆਂ ਨਾਲ ਸਭ ਤੋਂ ਵਧੇਰੇ ਮੋਹ, ਸਤਿਕਾਰਤ ਅਤੇ ਉਚੇ ਰੁੱਤਬੇ ਦੇ ਧਾਰਨੀ ਰਿਸ਼ਤੇ ਹਨ। ਬੱਚੇ ਦੀਆਂ ਕੀਤੀਆਂ ਗਲਤੀਆਂ ਨੂੰ ਮਾਫ ਕਰਨ ਅਤੇ ਉਹਨਾਂ ਨੂੰ ਬਚਾਉਣ ਦਾ ਰੋਲ ਵੀ ਦਾਦਾ-ਦਾਦੀ ਹੀ ਅਦਾ ਕਰਦੇ ਹਨ। ਪੋਤੇ ਪੋਤਰੀਆਂ ਦਾ ਮੋਹ ਸਭ ਤੋਂ ਜ਼ਿਆਦਾ ਦਾਦਾ-ਦਾਦੀ ਹੀ ਕਰਦੇ ਹਨ। ਡਾ. ਕੁਲਵਿੰਦਰ ਕੌਰ ਛੀਨਾ ਅਨੁਸਾਰ:

"ਪੰਜਾਬੀ ਸੱਭਿਆਚਾਰ ਵਿੱਚ ਬੱਚੇ ਨਾਲ ਮੋਹ-ਪਿਆਰ ਕਰਨ ਵਾਲੇ ਰਿਸ਼ਤਿਆਂ ਦਾ ਮੁੱਢ ਦਾਦਾ-ਦਾਦੀ ਹੀ ਹੁੰਦੇ ਹਨ। ਇਹ ਰਿਸ਼ਤਾਂ ਜਿਸ ਵਿੱਚ ਬੱਚੇ ਨੂੰ ਪ੍ਰਾਪਤ ਹੋਵੇ, ਉਸ ਵਰਗ ਭਾਗਸ਼ਾਲੀ ਦੁਨੀਆਂ ਵਿੱਚ ਕੋਈ ਨਹੀਂ ਹੁੰਦਾ ਕਿਉਂਕਿ ਬੱਚਾ ਮਾਂ-ਬਾਪ ਦੀਆਂ ਝਿੜਕਾਂ ਅਤੇ ਕਈ ਵਾਰ ਮਾਰ ਖਾਂ ਕੇ ਦਾਦੀ-ਦਾਦੇ ਦੀ ਬੁੱਕਲ ਦਾ ਓਟ-ਆਸਰਾ ਹੀ ਲੈਂਦਾ ਹੈ। ਉਸ ਵੇਲੇ ਉਸਨੂੰ ਸਿਵਾਏ ਦਾਦਾ-ਦਾਦੀ ਦੀ ਬੁੱਕਲ ਤੋ ਘਰ ਦੀ ਕੋਈ ਹੋਰ ਥਾਂ ਸੁਰੱਖਿਆ ਵਾਲੀ ਨਹੀਂ ਲੱਗਦੀ, ਖਾਸ ਕਰਕੇ ਜਦੋਂ ਉਹ ਸ਼ਰਾਰਤ ਕਰਕੇ ਆਉਂਦਾ ਹੈ। ਫਿਰ ਦਾਦੀ-ਦਾਦੇ ਕੋਲ ਪਹੁੰਚ ਕੇ ਉਸਨੂੰ ਕਿਸੇ ਦਾ ਡਰ ਨਹੀਂ ਰਹਿੰਦਾ ਅਤੇ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹੈ।"

ਪੰਜਾਬੀ ਸਮਾਜ ਅਨੇਕਾਂ ਜਾਤਾਂ, ਗੋਤਾਂ ਤੇ ਬਰਾਦਰੀਆਂ ਵਿੱਚ ਵੰਡਿਆ ਸਮਾਜ ਹੈ ਤੇ ਬਰਾਦਰੀਆਂ ਵਿੱਚ ਵੰਡਿਆ ਸਮਾਜ ਹੈ ਤੇ ਬਰਾਦਰੀ ਵਿੱਚ ਬੈਠਣ ਦਾ ਮਾਣ ਸਮਾਜ ਦੀ ਮਾਣ ਮਰਿਆਦਾ ਨੂੰ ਪਾਲਣ ਵਾਲਾ ਮਨੁੱਖ ਹੀ ਪਾ ਸਕਦਾ ਹੈ ਤੇ ਬਰਾਦਰੀ ਵਿੱਚ ਛੇਕੇ ਜਾਣਾ ਇਕ ਬਹੁਤ ਵੱਡਾ ਸਮਾਜਕ ਸਰਾਪ ਹੈ। ਬਰਾਦਰੀ ਦੇ ਸਾਰੇ ਵੱਡੇ-ਵਡੇਰੇ ਦੀ ਸੰਤਨ ਹੋਣ ਕਾਰਨ, ਲਹੂ ਦੀ ਸਾਂਝ ਅਤੇ ਦੁਖ ਸਮੇਂ ਦਰਦ ਵੰਡਾਉਣ ਦਾ ਅਹਿਸਾਸ ਤੇ ਵਿਆਹ-ਸ਼ਾਦੀਆਂ ਸਮੇਂ ਖੁਸ਼ੀਆਂ ਵੰਡਾਉਣ ਦਾ ਮਾਣ ਰੱਖਦੀ ਹੈ। ਹਰਜੀਤ ਕੌਰ ਦਾਦਕੇ ਘਰ ਵਿੱਚ ਵੰਸ਼ ਦੇ ਬਰਾਦਰੀ ਦੀ ਸਾਂਝ ਨੂੰ ਦਰਸਾਉਂਦੇ ਹੋਏ ਲਿਖਦੇ ਹਨ:

"ਦਾਦਕਿਆਂ ਨਾਲ ਬੱਚਿਆਂ ਦਾ ਪਿਆਰ ਇਸ ਲਈ ਜਿਆਦਾ ਹੁੰਦਾ ਹੈ ਕਿ ਕਿਉਂਕਿ ਬੱਚਾ ਦਾਦੇ ਦੇ ਘਰ ਜਨਮ ਲੈਂਦਾ ਹੈ, ਦਾਦੇ ਦੇ ਵਿਹੜੇ ਵਿੱਚ ਰਿੜਦਾ, ਤੁਰਨਾਂ ਸਿਖਦਾ ਹੈ। ਦਾਦੀ ਦੀ ਗੋਦੀ ਵਿੱਚ ਲੋਰੀਆਂ ਸੁਣਦਾ ਹੈ। ਦਾਦਕੇ ਰਿਸ਼ਤਿਆਂ ਨਾਲ ਵੰਸ਼ ਤੇ ਬਰਾਦਰੀ ਦੀ ਸਾਂਝ ਹੁੰਦੀ ਹੈ। ਦਾਦਕਿਆਂ ਦਾ ਖ਼ੂਨ ਹੀ ਬੱਚੇ ਦੀਆਂ ਰਗਾਂ ਵਿੱਚ ਦੋੜਦਾ

*Copyright © 2021, Scholarly Research Journal for Humanity Science & English Language*

ਹੈ। ਦਾਦਕਿਆਂ ਦੀ ਪਿੰਡ ਦੀ ਰੂੜੀ ਤੇ ਖੇਡ ਖੇਡ ਕੇ ਹੀ ਉਹ ਜੁਆਨ ਹੁੰਦਾ ਹੈ। ਆਪਣਾ ਜੱਦੀ ਘਰ, ਹੋਣ ਕਰਕੇ ਉਸਨੂੰ ਆਪਣੀ ਮਿੱਟੀ ਦਾ ਮੋਹ ਅੰਤ ਤੱਕ ਆਉਂਦਾ ਰਹਿੰਦਾ ਹੈ। ਮਨੁੱਖ ਆਪਣੇ ਭਾਈਚਾਰੇ ਜਾਂ ਬਰਾਦਰੀ ਵਿਚ ਰਹਿ ਕੇ ਦੁਗਣਾ ਮਾਣ ਮਹਿਸੂਸ ਕਰਦਾ ਹੈ।"

ਪਰਿਵਾਰਕ ਰਿਸ਼ਤਿਆਂ ਵਿੱਚ ਖੂਨ ਦੇ ਰਿਸ਼ਤੇ ਆਉਂਦੇ ਹਨ ਜਿਵੇਂ ਪਤੀ-ਪਤਨੀ, ਪਿਓ-ਪੁੱਤਰ, ਪਿਓ-ਧੀ, ਮਾਂ-ਪੁੱਤ, ਮਾਂ-ਧੀ, ਭਰਾ-ਭਰਾ, ਭੈਣ-ਭਰਾ, ਭੈਣਾਂ-ਭੈਣਾਂ। ਬੱਚੇ ਦਾ ਜਨਮ ਤੇ ਵਿਆਹ ਜ਼ਿੰਦਗੀ ਦੇ ਦੋ ਪ੍ਰਮੁੱਖ ਪੜਾਅ ਹਨ। ਦੋਵਾਂ ਪੜਾਵਾਂ ਵਿੱਚ ਮਨੁੱਖ ਦੀ ਸਮਾਜਕ ਜ਼ਿੰਦਗੀ ਨਵੇਂ ਸਿਰੇ ਤੇ ਸ਼ੁਰੂ ਹੁੰਦੀ ਹੈ। ਪੰਜਾਬੀ ਸਮਾਜ ਦੇ ਸੱਭਿਆਚਾਰ ਵਿੱਚ ਜੇ ਨਜ਼ਰ ਮਾਰੀਏ ਤਾਂ ਧੀ ਨਾਲੋਂ ਪੁੱਤਰ ਨੂੰ ਵਧੇਰੇ ਅਹਿਮੀਅਤ ਦਿੱਤੀ ਜਾਂਦੀ ਹੈ। ਪੁੱਤਰ ਦੇ ਹੋਣ ਤੇ ਘਰ ਵਿੱਚ ਖੁਸ਼ੀ ਦਾ ਮਾਹੌਲ ਹੁੰਦਾ ਹੈ ਕਿਉਂਕਿ ਪੁੱਤਰ ਜਾਇਦਾਦ ਦਾ ਵਾਰਸ ਹੁੰਦਾ ਹੈ ਅਤੇ ਪੁੱਤਰ ਦੇ ਨਾਲ ਹੀ ਵੰਸ਼ ਚਲਦਾ ਹੈ। ਪਰ ਧੀ ਪੁੱਤਰ ਨਾਲੋਂ ਵੱਧ ਮਾਂ-ਪਿਓ ਨਾਲ ਦਾ ਪਿਆਰ ਕਰਦੀ ਹੈ। ਮਾਂ-ਪਿਓ ਵਲੋਂ ਧੀ ਨੂੰ ਪੁੱਤਰ ਨਾਲੋਂ ਵਧੇਰੇ ਅਹਿਮੀਅਤ ਨੂੰ ਦਰਸਾਉਂਦੇ ਹੋਏ ਡਾ. ਜਸਵਿੰਦਰ ਸਿੰਘ ਲਿਖਦੇ ਹਨ:

"ਮਾਂ-ਪਿਓ ਅਤੇ ਪੁੱਤਰ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ ਕਿਉਂਕਿ ਧੀ ਨਾਲੋਂ ਪੁੱਤਰ ਨੂੰ ਵਧੇਰੇ ਮਹੱਤਵ ਦੇਣ ਕਰਕੇ ਜਾਇਦਾਦ ਦੀ ਵਾਰਸੀ ਦੇ ਮਸਲੇ ਉੱਤੇ ਵੀ ਪੁੱਤਰ ਨੂੰ ਪਹਿਲ ਦਿੱਤੀ ਜਾਂਦੀ ਹੈ। ਪਿਤਰਵੰਸ਼ ਨੂੰ ਅੱਗੇ ਚਲਦਾ ਰੱਖਣ ਲਈ ਵੀ ਪੁੱਤਰ ਦੀ ਪ੍ਰਾਪਤੀ ਜਰੂਰੀ ਮੰਨੀ ਜਾਂਦੀ ਹੈ, ਮਾਂ ਅਤੇ ਪੁੱਤਰ ਦੀ ਰਿਸ਼ਤਾ ਅਜਿਹਾ ਰਿਸ਼ਤਾ ਹੈ, ਜਿਸ ਵਿੱਚ ਰਿਸ਼ਤਾ-ਨਾਤਾ ਪ੍ਰਬੰਧ ਦੇ ਤਿੰਨੇ ਮੂਲ ਆਧਾਰ ਜੀਵ ਵਿਗਿਆਨਕ, ਪ੍ਰਾਕ੍ਰਿਤਕ ਅਤੇ ਸਭਿਆਚਾਰਕ ਸ਼ਾਮਲ ਹਨ, ਇਸੇ ਕਰਕੇ ਇਹ ਰਿਸ਼ਤਾ ਸਦੀਵੀਂ, ਸਥਿਰ, ਸਰਵ ਵਿਆਪਕ ਅਤੇ ਬੁਨਿਆਦੀ ਹੈ।"

ਬੱਚੇ ਦੇ ਜਨਮ ਨਾਲ ਨਵੇਂ ਰਿਸ਼ਤੇ ਨਾਨਕੇ-ਦਾਦਕਿਆਂ ਦਾ ਵਿਸਥਾਰ ਹੁੰਦਾ ਹੈ ਤੇ ਵਿਆਹ ਸਮੇਂ ਧੀ ਲਈ ਪੇਕਿਆਂ ਤੋਂ ਸਹੁਰੇ ਪਰਿਵਾਰ ਦੇ ਰਿਸ਼ਤੇ ਦੇ ਪੁੱਤ ਵੱਲੋਂ ਪਤਨੀ ਦੇ ਪੇਕਿਆਂ ਦੇ ਪਰਿਵਾਰ ਦੇ ਰਿਸ਼ਤਿਆਂ ਦਾ ਨਵਾਂ ਪ੍ਰਪੰਚ ਉਸਰਦਾ ਹੈ। ਧੀ ਅਤੇ ਪੁੱਤ ਦੇ ਵਿਆਹ ਦੇ ਨਾਲ ਨਵੇਂ ਕੁੜਮਚਾਰੀ ਦੇ ਨਵੇਂ ਰਿਸ਼ਤੇ ਸਿਰਜਦੇ ਹਨ। ਧੀ ਦੇ ਵਿਆਹ ਤੋਂ ਪੈਦਾ ਹੋਏ ਰਿਸ਼ਤਿਆਂ ਵਿਚੋਂ ਪਤੀ ਦੇ ਮਾਤਾ-ਪਿਤਾ, ਸੱਸ-ਸਹੁਰਾ ਪਤੀ ਦਾ ਵੱਡਾ ਭਰਾ ਜੇਠ ਤੇ ਛੋਟਾ ਦੇਵਰ ਬਣ ਜਾਂਦੇ ਹਨ ਅਤੇ ਜਦੋਂ ਬੱਚਾ ਪੈਦਾ ਹੁੰਦਾ ਤਾਂ ਇਹ ਰਿਸ਼ਤੇ ਦਾਦਾ-ਦਾਦੀ, ਤਾਏ-ਚਾਚਿਆਂ ਦਾ ਰੂਪ ਧਾਰਨ ਕਰ ਲੈਂਦੇ ਹਨ। ਦਾਦਕੇ ਪਰਿਵਾਰ ਦੇ ਇਹ ਰਿਸ਼ਤੇ ਮਜ਼ਬੂਤ ਥੰਮ੍ਹੀ ਦੇ ਰਿਸ਼ਤੇ ਹਨ। ਤਾਏ-ਚਾਚਿਆਂ ਦੇ ਮਾਣ ਤੇ ਸਮਾਜ ਵਿੱਚ ਕੱਦ ਹੋਰ ਉਚਾ ਹੋ ਜਾਂਦਾ ਹੈ। ਡਾ. ਨਾਹਰ ਸਿੰਘ ਸੰਯੁਕਤ ਪਰਿਵਾਰ ਵਿੱਚ ਪੇਕਿਆਂ ਤੇ ਸਹੁਰਿਆਂ ਦਾ ਆਧਾਰ ਘਰ ਦੀ ਧੀ ਤੇ ਸਹੁਰੇ ਘਰ ਵਿੱਚ ਨੂੰਹ ਦੇ ਬੋਲਾਂ ਰਾਹੀਂ ਪ੍ਰਗਟ ਕਰਦੇ ਹਨ।

*Copyright © 2021, Scholarly Research Journal for Humanity Science & English Language*

**ਗਿੱਧੇ ਦੀਆਂ ਬੋਲੀਆਂ ਵਿੱਚ ਦਾਦਕੀ ਧਿਰ ਦੇ ਆਦਰਯੋਗ ਰਿਸ਼ਤੇ:-**

ਪੰਜਾਬੀ ਸਮਾਜ ਤੇ ਸਭਿਆਚਾਰ ਵਿਚ ਧੀ ਤੇ ਪੁੱਤਰ ਰਿਸ਼ਤਿਆਂ ਵਿੱਚ ਦਾਦਕੇ ਵਿੱਚ ਮਾਤਾ/ਪਿਤਾ, ਦਾਦਾ/ਦਾਦੀ, ਤਾਇਆ/ਤਾਈ, ਚਾਚਾ/ਚਾਚੀ ਇਕੋ ਜਿਹੇ ਆਦਰ-ਸਤਿਕਾਰ ਦੇ ਵਾਲੇ ਰਿਸ਼ਤੇ ਹਨ ਧੀ ਨੇ ਵਿਆਹ ਤੋਂ ਬਾਅਦ ਪਰਾਏ ਘਰ ਜਾਣਾ ਹੈ ਤੇ ਪੁੱਤ ਨੇ ਉਸੇ ਘਰ ਹੀ ਰਹਿਣਾ ਹੈ। ਧੀ ਨੇ ਆਪਣੇ ਮਾਪਿਆਂ ਦੇ ਘਰ ਥੋੜਾ ਚਿਰ ਸਮਾਂ ਗੁਜ਼ਾਰਨਾ ਹੁੰਦਾ ਹੈ। ਧੀ ਵਿਆਹ ਕੇ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ। ਉਸ ਦੇ ਮਾਪਿਆ ਦਾ ਉਸ ਲਈ ਪਰਦੇਸ਼ ਬਣ ਜਾਂਦਾ ਹੈ। ਮਾਪਿਆ ਦੇ ਘਰ ਸਾਰੇ ਰਿਸ਼ਤੇ ਉਸ ਲਈ ਧੀ ਦੇ ਪੇਕੇ ਬਣ ਜਾਂਦੇ ਹਨ। ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਦੇ ਉਲੇਖ ਵਿਚ ਕਾਵਿ-ਲੋਕ ਗੀਤ ਜਾਂ ਬੋਲਆਂ ਵਿੱਚ ਹਰੇਕ ਰਿਸ਼ਤੇ ਵਿੱਚ ਧੀ ਦੇ ਬੋਲਾਂ ਦਾ ਪ੍ਰਸੰਗ ਵਧੇਰੇ ਮਿਲਦਾ ਹੈ। ਮਾਪਿਆ ਦੇ ਘਰ ਧੀਆਂ ਪੁੱਤਾ ਤੋਂ ਵੀ ਵਧੇਰੇ ਲਾਡਲੀਆਂ ਹੁੰਦੀਆਂ ਹਨ। ਪੇਕੇ ਘਰੇ ਜਾਦਾ ਕੰਮ ਨਹੀਂ ਕੀਤਾ ਹੁੰਦਾ ਜਦ ਸਹੁਰੇ ਘਰ ਜਾ ਕੇ ਕੰਮ ਕਰਨਾ ਪੈਦਾ ਉਹ ਬਹੁਤ ਔਖਾ ਲੱਗਦਾ ਫੇਰ ਉਸ ਸਮੇਂ ਪੇਕਿਆਂ ਦੇ ਘਰ ਬਿਤਾਏ ਦਿਨ ਬਹੁਤ ਯਾਦ ਆਉਂਦੇ ਹਨ। ਲੋਕ ਗੀਤਾਂ ਅਤੇ ਗਿੱਧੇ ਦੀਆਂ ਬੋਲੀਆਂ ਦੇ ਅਧਿਐਨ ਦੇ ਸਰਵੇਖਣ ਦੌਰਾਨ ਲੋਕ ਸਾਹਿਤ ਦੇ ਝਰੋਖੇ ਵਿਚੋਂ ਔਰਤ ਦੀ ਸਥਿਤੀ ਦੇਖਦੇ ਹੋਏ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਔਰਤ ਨੇ ਆਪਣੇ ਪੇਕੇ ਘਰ ਨੂੰ ਹੀ ਆਪਣਾ ਘਰ ਕਿਹਾ ਹੈ। ਔਰਤ ਲਈ ਪੇਕੇ ਅਤੇ ਸਹੁਰਾ ਦੋ ਦੇਸ਼ ਹਨ। ਪਹਿਲਾਂ ਸੁਪਨਿਆ ਦਾ ਰੁਮਾਸਮਈ ਸੰਸਾਰ ਹੈ ਤੇ ਦੂਜਾ ਵਾਸਤਵਿਕਤਾ ਦਾ ਕੋਰਾ ਵਣਜੀ ਸੰਸਾਰ।

ਉਸਦੇ ਮੋਹ, ਵੈਰਾਗ ਅਤੇ ਹੇਰਵੇ ਵਿਚ ਪੇਕੇ ਘਰ ਦੀ ਯਾਦ ਸਮਾਈ ਹੋਈ ਹੈ ਜਦਕਿ ਸਹੁਰੇ ਘਰ ਦੀਆਂ ਪ੍ਰਸਥਿਤੀਆਂ ਨੂੰ ਨਾ ਚਾਹੁੰਦੇ ਹੋਏ ਵੀ ਪ੍ਰਵਾਨ ਕਰਨਾ ਮਜ਼ਬੂਰੀ ਹੈ।

ਪੇਕਿਆਂ ਦੇ ਘਰ ਰਹੀ ਲਾਡਲੀ,
ਸਹੁਰੀਂ ਲਾ ਲਈ ਕੰਮ ਵੇ,
ਮੇਰਾ ਉਡੇ ਜਾਲਮਾਂ
ਸੋਨੇ ਵਰਗਾ ਰੰਗ ਵੇ

ਅੰਮੜੀ, ਧੀ-ਬਾਬਲ, ਅੰਮਾਂ ਜਾਏ ਵੀਰ ਬਾਰੇ ਪੰਜਾਬੀ ਲੋਕ-ਕਾਵਿ ਅਤੇ ਗਿੱਧੇ ਦੀਆਂ ਬੋਲੀਆਂ ਨਾਲ ਭਰਿਆ ਖਜ਼ਾਨਾ ਮਿਲਦਾ ਹੈ। ਦਾਦੇ/ਦਾਦੀ ਤੇ ਨਾਨੇ/ਨਾਨੀ ਨਾਲ ਸੰਬੰਧਿਤ ਸੁਹਾਗ ਤਾਂ ਮਿਲ ਜਾਂਦੇ ਹਨ ਪਰ ਬੋਲੀਆਂ ਨਹੀਂ ਮਿਲਦੀਆ। ਸੁਹਾਗ ਰੂਪ ਵਿੱਚ ਦਾਦਾ ਦੇਸ਼ਾ ਦਾ ਰਾਜਾ ਦੱਸਿਆ ਜਾਂਦਾ ਹੈ ਤੇ ਵਰ ਲੱਭਣ ਦਾ ਮੋਢੀ ਵੀ ਹੁੰਦਾ ਹੈ। **'ਮੇਰੀਏ ਅੰਮੀਏ ਨੀ ਲਾਲ ਖਜੂਰੇ ਕੀਹਨੇ ਦਿੱਤਾ ਏਨੀ ਦੂਰੇ, ਨੀ ਕੀਹਨੇ ਵਰ ਟੋਲਿਆ ਸੀ।**' ਦਾਦੇ ਦੀ ਪੋਤੀ ਦੇ ਜੁਆਬ ਵਿੱਚ **'ਮੇਰਾ ਬਾਬਾ ਤਾਂ ਦੇਸ਼ਾਂ ਦਾ ਰਾਜਾ ਉਹਨੇ ਦਿੱਤਾ ਏਨੀ ਦੂਰੇ, ਉਹਨੇ ਵਰ ਟੋਲਿਆ ਸੀ'**। ਮੁੰਡੇ ਦੇ ਵਿਆਹ ਸਮੇਂ ਨਾਈ/ਧੋਈ ਦੀ ਰਸਮ ਸਮੇਂ ਹਮੇਸ਼ਾ ਗੀਤ ਦਾਦੇ ਦੇ ਨਾਂ ਤੋਂ ਹੀ ਸ਼ੁਰੂ ਹੁੰਦੇ ਹਨ। ਜਿਵੇ: **ਆਂਗਨ ਸਾਡੇ ਚੀਕੜਾ, ਕੀਹੜੇ ਡੋਲਿਆ ਪਾਣੀ, ਬਾਬਾ ਦੇ ਪੋਤਰਾ ਨਾਤੜਾ ਨੀ, ਉਹਨੇ ਡੋਲਿਆ ਪਾਣੀ।** ਪੰਜਾਬੀ ਲੋਕ-ਕਾਵਿ ਵਿੱਚ

*Copyright © 2021, Scholarly Research Journal for Humanity Science & English Language*

ਪੁੱਤਰ ਵਲੋਂ ਬਾਬਲ ਨੂੰ ਸੰਬੋਧਿਤ ਕਾਵਿ-ਟੋਟੇ ਕਿਤੇ ਪ੍ਰਾਪਤ ਨਹੀਂ ਹੁੰਦੇ, ਪਰ ਧੀ ਤੇ ਬਾਬਲ ਦਾ ਸਬੰਧ-ਲੋਕ-ਕਾਵਿ ਵਿਚ ਬਹੁ ਗਿਣਤੀ ਵਿੱਚ ਪ੍ਰਾਪਤ ਹੈ। **'ਬਾਬਲ ਮੇਰਾ ਕਦੇ ਨਾ ਨਿਵਿਆਂ ਧੀਆਂ ਆਣ ਨਿਵਾਇਆਂ'** ਧੀ ਜੰਮਣ ਤੇ ਬਾਬਲ ਦ ਸਿਰ ਹਮੇਸ਼ਾ ਝੁਕਿਆ ਰਹਿੰਦਾ ਹੈ ਤੇ **ਬਾਬਲ ਤੇਰੇ ਮਹਿਲਾਂ ਚੋ ਡੋਲਾ ਨਹੀਂ ਲੰਘਣਾ।** ਵਿਆਹ ਤੱਕ ਦੇ ਅਰਥ ਵਿਧਾਨ ਤੱਕ ਫੈਲਿਆ ਹੋਇਆ ਮਿਲਦਾ ਹੈ। ਪੰਜਾਬੀ ਸਮਾਜ ਦੇ ਵਿੱਚ ਧੀ ਦੇ ਦਾਨ ਤੋਂ ਵੱਡਾ ਕੋਈ ਦਾਨ ਨਹੀਂ ਮੰਨਿਆ ਗਿਆ ਹੈ। ਵਿਆਹ ਦੇ ਸਮੇਂ 'ਕੰਨਿਆ ਦਾਨ' ਕਰਨ ਵਾਲਾ ਬਾਬਲ ਮਹਾਦਾਨੀ ਹੈ। ਧੀਆਂ ਲਈ ਤਾਏ-ਚਾਚੇ ਪਿਤਾ ਦੇ ਸਮਾਨ ਰਿਸ਼ਤੇ ਹਨ ਪਰੰਤੂ ਪੁੱਤਰ ਲਈ ਆਰਥਿਕ ਹਿੱਤਾਂ ਕਾਰਨ ਇਹ ਰਿਸ਼ਤੇ ਕਿਧਰੇ ਜਾ ਕੇ ਸ਼ਰੀਕੇ ਵਿੱਚ ਬਦਲ ਜਾਂਦੇ ਹਨ ਕਿਉਂਕਿ ਧੀ ਨੇ ਜ਼ਮੀਨ-ਜਾਇਦਾਦ ਤੇ ਆਪਦਾ ਅਧਿਕਾਰ ਨਹੀਂ ਜਤਾਉਂਦੀ। ਪੰਜਾਬੀ ਸਭਿਆਚਾਰ ਵਿਚ ਧੀ ਕਦੇ ਬਾਬਲ ਦੀ ਜ਼ਮੀਨ ਵਿਚੋਂ ਭਰਾ ਦੇ ਬਰਾਬਰ ਦਾ ਹੱਕ ਨਹੀਂ ਮੰਗਦੀ, ਸਗੋਂ ਪੇਕੇ ਘਰ ਰਹਿਣ ਦੇ ਤਰਲੇ ਹੀ ਕਰਦੀ ਹੈ:

ਵਾਹੀ ਕਰੂੰਗੀ, ਮੋੜੂੰਗੀ ਨੱਕੇ ਘਰ ਤੇਰੇ
ਰੱਖ ਲੋ ਕੁਆਰੀ ਬਾਬਲਾ, ਨਾ ਕਰ
ਮੇਰਾ ਵਿਆਹ ਬਾਬਲਾ।

ਧੀ ਦੇ ਬੋਲਾ ਵਿੱਚ ਹੱਕ ਦੀ ਆਵਾਜ ਕਿਸੇ ਲੋਕ-ਕਾਵਿ ਵਿੱਚ ਪ੍ਰਾਪਤ ਨਹੀਂ ਹੁੰਦੀ। ਧੀ ਸਿਰਫ਼ ਦਾਦੇ/ਪਿਤਾ, ਤਾਏ-ਚਾਚਿਆ ਕੋਲੋ ਸਿਰਫ਼ ਕਾਨ੍ਹ ਕਨ੍ਹਈਆਂ ਵਰ ਦੀ ਲੋਚਾ ਹੀ ਕਰ ਸਕਦੀ ਹੈ ਜ਼ੋ ਕਿ ਸੁਹਾਗ ਦੇ ਗੀਤਾਂ ਰਾਹੀਂ ਪ੍ਰਾਪਤ ਹੁੰਦੀ ਹੈ। ਧੀ ਜਦੋਂ ਜੁਆਨ ਹੁੰਦੀ ਹੈ ਉਸ ਦੇ ਪਰਿਵਾਰ ਨੂੰ ਉਸ ਦੇ ਵਿਆਹ ਦਾ ਫਿਕਰ ਪੈ ਜਾਂਦਾ ਹੈ ਕਿ ਧੀ ਨੂੰ ਚੰਗਾ ਘਰ ਮਿਲ ਜਾਵੇ। ਦਾਦਾ-ਦਾਦੀ, ਨਾਨਾ-ਨਾਨੀ ਸਾਰੇ ਉਸ ਦੇ ਰਿਸ਼ਤੇ ਲਈ ਫਿਕਰਮੰਦ ਹੁੰਦੇ ਹਨ। ਦਾਦਾ-ਦਾਦੀ ਕੋਲ ਧੀ ਰਹਿੰਦੀ ਹੈ। ਉਹ ਘਰ ਦੇ ਮੋਢੀ ਹੋਣ ਕਰਕੇ ਜ਼ਿਆਦਾ ਫਿਕਰਮੰਦ ਹੁੰਦੇ ਹਨ। ਧੀ ਦੇ ਰਿਸ਼ਤੇ ਲਈ ਤੇ ਦਾਦਾ-ਦਾਦੀ ਦੇ ਬੋਲਾਂ ਪ੍ਰਸੰਗ ਗਿੱਧੇ ਦੀਆਂ ਬੋਲੀਆਂ ਨਾਲੋਂ ਲੋਕ-ਗੀਤਾਂ ਵਿਚ ਵਿਧੇਰੇ ਵੇਖਣ ਨੂੰ ਮਿਲਦਾ ਹੈ ਧੀ ਦੇ ਵਿਆਹ ਦੇ ਸਮੇਂ ਗਾਏ ਜਾਣ ਵਾਲੇ ਸੁਹਾਗਾ ਵਿੱਚ ਦਾਦੇ-ਦਾਦੀ ਵਲੋਂ ਵਰ੍ਹ ਟੋਲਣ ਦੀ ਕਾਮਨਾ ਹੇਠ ਲਿਖੇ ਪ੍ਰੰਸਗ ਰਾਹੀ ਕੀਤੀ ਜਾਂਦੀ ਹੈ।

"ਬੀਬੀ ਦਾ ਬਾਬਾ ਆਂਹਦਾ ਸੀ।
ਬੀਬੀ ਦਾ ਵਰ ਟੋਲ੍ਹ ਛੱਡੀਏ।
ਬੀਬੀ ਦੀ ਦਾਦੀ ਆਂਹਦੀ ਸੀ।
ਕਿ ਜਿੱਥੇ ਬੀਬੀ ਰਾਜ ਕਰੇ।"

*Copyright © 2021, Scholarly Research Journal for Humanity Science & English Language*

ਮਾਂ ਵਰਗਾਂ ਸੱਚਾ ਤੇ ਮਹਾਨ ਰਿਸ਼ਤਾ ਦੁਨੀਆਂ ਵਿੱਚ ਹੋਰ ਕੋਈ ਨਹੀਂ ਤੇ ਮਾਂ ਦੇ ਦੁੱਧ ਦਾ ਕਰਜ਼ ਮਨੁੱਖ ਉਮਰ ਭਰ ਨਹੀ ਪੂਰਾ ਕਰ ਸਕਦਾ। ਪ੍ਰੋ. ਪੂਰਨ ਸਿੰਘ ਲਿਖਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਹੋਰ ਕਿਧਰੇ ਨਜਰ ਨਾ ਆਵੇ ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ। ਪੰਜਾਬੀ ਸਮਾਜ ਵਿੱਚ ਮਾਂ ਧੀ ਦੇ ਰਿਸ਼ਤੇ ਵਿੱਚ ਇੱਕ ਵੱਖਰੀ ਕਿਸਮ ਦੀ ਅਪਣੱਤ ਤੇ ਮੋਹ ਭਰੀ ਭਾਵਨਾ ਹੁੰਦਾ ਹੈ। ਮਾਂ ਧੀ ਦੀ ਰਾਜਦਾਰ ਹੁੰਦੀ ਹੈ ਜ਼ੋ ਗੱਲ ਧੀ ਆਪਣੇ ਬਾਬਲ ਨਾਲ ਨਹੀਂ ਕਰ ਸਕਦੀ ਉਹ ਆਪਣੀ ਮਾਂ ਨਾਲ ਖੁੱਲ ਕੇ ਸਾਂਝੀ ਕਰ ਲੈਂਦੀ ਹੈ। ਮਾਂ ਧੀ ਦਾ ਇਕੋ ਪਰਦਾ ਹੁੰਦਾ ਹੈ ਜਿਸਨੂੰ ਕੋਈ ਹੋਰ ਦੂਸਰਾ ਰਿਸ਼ਤਾ ਨਾ ਹੀ ਸਮਝ ਸਕਦਾ ਹੈ ਤੇ ਨਾ ਹੀ ਅਹਿਸਾਸ ਨੂੰ ਮਹਿਸੂਸ ਕਰ ਸਕਦਾ ਹੈ। ਧੀਆਂ ਅੰਮੜੀ ਦੇ ਵਿਹੜੇ ਦੀ ਰੌਣਕ ਹੁੰਦੀਆਂ ਹਨ। ਕਿਸੇ ਸ਼ਾਇਰ ਨੇ ਬਹੁਤ ਸੁੰਦਰ ਲਿਖਿਆ ਹੈ। **ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ।** ਧੀ ਦਾ ਆਪਣੀ ਮਾਂ ਤੇ ਸਭ ਰਿਸ਼ਤਿਆਂ ਤੋਂ ਵਧੇਰੇ ਹੱਕ ਹੁੰਦਾ ਹੈ ਤੇ ਧੀ ਆਪਣੇ ਵਿਆਹ ਸਮੇਂ ਆਪਣੀ ਮਾਂ ਕੋਲੋ ਹੱਕ ਨਾਲ ਦਾਜ ਬਣਾਉਣ ਦੀ ਮੰਗ ਕਰਦੀ ਹੈ ਇਹ ਦਾਅਵਾ ਕਿਸੇ ਹੋਰ ਰਿਸ਼ਤੇ ਵਿੱਚ ਨਹੀਂ ਹੈ। ਮਾਂ ਕੋਲ ਜ਼ੋ ਕੁਝ ਹੁੰਦਾ ਹੈ ਉਹ ਧੀ ਦੀ ਖੁਸ਼ੀ ਤੇ ਸਹੁਰੇ ਘਰ ਵਿੱਚ ਸਤਿਕਾਰ ਲਈ ਦੇਣ ਲਈ ਤਿਆਰ ਹੁੰਦੀ ਹੈ। ਅੰਮ੍ਰਿਤਾ ਪ੍ਰੀਤਮ ਅਨੁਸਾਰ ਵਿਆਹ ਵੇਲੇ ਹੀ ਧੀ ਮਾਂ ਨੂੰ ਕਹਿੰਦੀ ਹੈ:

"ਕੱਢ ਨੀ ਅੰਮੜੀ ਕੁਝ ਸਜਿਆ ਸਜਾਇਆ,
ਕੁੱਝ ਰੱਖਿਆ ਰਖਾਇਆ ਮੇਰੇ ਬਾਬਲ ਦਾ
ਖੱਟਿਆ, ਮੇਰੇ ਵੀਰਾਂ ਦਾ ਕਮਾਇਆ,
ਹੁਣ ਤੇਰਾ ਦੇਣ ਦਾ ਵੇਲਾ ਆਇਆ।"

ਅੰਮ੍ਰਿਤਾ ਪ੍ਰੀਤਮ ਮਾਂ-ਧੀ ਦੇ ਮੋਹ ਭਰੇ ਰਿਸ਼ਤੇ ਨੂੰ ਆਪਣੇ ਸ਼ਬਦਾ ਰਾਹੀ ਬਿਆਨ ਕਰਦੀ ਹੋਈ ਲਿਖਦੀ ਹੈ:

ਮਾਂ-ਧੀ ਦਾ ਰਿਸ਼ਤਾ, ਬੜਾ ਨਿੱਘਾ ਤੇ ਮੁਹੱਬਤ ਭਰਿਆ ਰਿਸ਼ਤਾ ਹੈ। ਪੰਜਾਬੀ ਸਭਿਆਚਾਰ ਵਿੱਚ ਪਹਿਲ ਤਾਂ ਭਾਵੇਂ ਪੁੱਤਰ ਨੂੰ ਹੀ ਦਿੱਤੀ ਜਾਂਦੀ ਹੈ ਪਰ ਧੀ ਨਾਲ ਮਾਂ ਦਾ ਵਤੀਰਾ ਜਿੱਥੇ ਪਿਆਰ ਭਰਿਆ ਅਤੇ ਅਗਵਾਈਕੁੰਨ ਭੂਮਿਕਾ ਵਾਲਾ ਹੁੰਦਾ ਹੈ, ਉਥੇ ਮਾਂ ਧੀ ਦੇ ਦਿਲ ਦੇ ਸਾਰੇ ਰਾਜ ਜਾਣਦੀ ਹੋਣ ਕਰਕੇ, ਉਸ ਦੋਸਤ ਵੀ ਹੋ ਨਿੱਬੜਦੀ ਹੈ। ਸ਼ਾਇਦ ਧੀ ਨੂੰ ਮਾਂ ਦੀ ਬੁੱਕਲ ਵਿੱਚ ਜੋ ਸਕੂਨ ਅਤੇ ਨਿੱਘ ਮਿਲਦਾ ਹੈ, ਉਸਨੂੰ ਦੁਨੀਆਂ ਦੇ ਹੋਰ ਕਿਸੇ ਵੀ ਸੁਖ-ਆਰਾਮ ਵਿੱਚ ਤੁਲਨਾਇਆ ਨਹੀਂ ਜਾ ਸਕਦਾ। ਮਾਵਾਂ ਦੇ ਧੀਆਂ ਦਾ ਰਿਸ਼ਤਾ ਹੀ ਇਹੋ ਜਿਹਾ ਹੈ, ਜਿਸਦੇ ਲਹੂ ਵਿੱਚ ਅਤੇ ਜਿਸਦੀਆਂ ਰਗਾਂ ਵਿੱਚ ਦੁੱਖਾਂ-ਸੁੱਖਾਂ ਦੀ ਅਪਣੱਤ ਘੁਲੀ ਹੋਈ ਹੈ। ਜੇ ਪੀੜ ਇੱਕ ਨੂੰ ਹੁੰਦੀ ਹੈ ਤਾਂ ਆਦਰਾਂ ਦੇ ਸੇਕ ਨਾਲ 'ਹਾਏ' ਦੂਸਰੀ ਦੇ ਮੂੰਹੋ ਨਿਕਲਦੀ ਹੈ।"

*Copyright © 2021, Scholarly Research Journal for Humanity Science & English Language*

ਪੰਜਾਬੀ ਲੋਕ-ਕਾਵਿ ਵਿੱਚ ਮਾਂ ਨੂੰ ਅੰਮੜੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਧੀ ਦੇ ਲਈ ਅਮੰੜੀ ਦਾ ਘਰ ਸਵਰਗ ਹੈ ਉਸ ਦੇ ਘਰ ਦੇ ਵਿਹੜੇ ਵਿੱਚ ਉਹ ਹੱਸਦੀ ਖੇਡਦੀ ਫਿਰਦੀ ਹੈ। ਧੀ ਨੂੰ ਅੰਮੜੀ ਦੇ ਘਰ ਕਿਸੇ ਵੀ ਤਰ੍ਹਾਂ ਦੇ ਦੁੱਖ ਦਾ ਅਹਿਸਾਸ ਨਹੀਂ ਹੁੰਦਾ। ਧੀ ਦੇ ਵਿਆਹ ਦਾ ਫਿਕਰ ਸਭ ਤੋਂ ਜ਼ਿਆਦਾ ਅੰਮੜੀ ਨੂੰ ਹੁੰਦਾ ਹੈ। ਦਿਨ ਰਾਤ ਉਹ ਇਸ ਫਿਕਰ ਦੇ ਵਿੱਚ ਰਹਿੰਦੀ ਹੈ ਕਿ ਧੀ ਨੂੰ ਚੰਗਾ ਘਰ ਮਿਲ ਜਾਵੇ। ਜੇਕਰ ਧੀ ਨੂੰ ਆਪਣਾ ਸਹੁਰਾ ਘਰ ਜਾ ਵਰ ਪਸੰਦ ਨਹੀਂ ਆਉਂਦਾ ਤਾਂ ਧੀ ਬਾਬਲ ਨੂੰ ਮਿਹਣਾ ਦੇਣ ਦੀ ਬਜਾਏ ਮਾਂ ਨਾਲ ਹੀ ਗਿਲਾ ਸ਼ਿਕਵਾ ਸਾਂਝਾ ਕਾਰਦੀ ਹੈ ਕਿਉਂਕਿ ਮਾਂ ਧੀ ਦੀ ਮਾਂ ਵੀ ਹੋ ਤੇ ਉਸ ਦੀ ਹਮਰਾਜ ਵੀ ਹੈ ਜ਼ੋ ਧੀ ਦੇ ਦਿਲ ਦੀ ਵੇਦਨਾ ਨੂੰ ਸਮਝਣ ਵਿੱਚ ਕਈ ਵਾਰ ਗੁਸਤਾਖੀ ਵੀ ਕਰ ਬੈਠਦੀ ਹੈ। ਧੀ ਮਾਂ ਨੂੰ ਸਿਹੋਗ ਦਿੰਦੀ ਹੋਈ ਬੋਲੀ ਦੇ ਰੂਪ ਵਿੱਚ ਆਖਦੀ ਹੈ:

"ਘਰ ਨਾ ਵੇਹਦੀਆਂ ਵਰ ਨਾ ਵੇਂਹਦੀਆਂ,
ਬਦਲੇ ਖੋਰੀਆਂ ਮਾਵਾਂ,
ਨਿੱਕੇ ਜਿਹੇ ਨਾਲ ਵਿਆਹ ਕਰ ਦੇਂਦੀਆਂ
ਦੇ ਕੇ ਚਾਰ ਕੁ ਲਾਵਾਂ,
ਕੰਤ ਨਿਆਣੇ ਦੀ ਰੋ-ਰੋ ਸੇਜ਼ ਵਿਛਾਵਾਂ....."

ਦਾਦਕੇ ਪਰਿਵਾਰ ਵਿੱਚ ਦਾਦਾ-ਦਾਦੀ ਤੇ ਮਾਤਾ-ਪਿਤਾ ਦੇ ਰਿਸ਼ਤਿਆਂ ਤੋਂ ਬਾਅਦ ਤਾਏ ਤੇ ਤਾਈ ਦਾ ਰਿਸ਼ਤਾ ਵੀ ਸਤਿਕਾਰ ਵਾਲਾ ਰਿਸ਼ਤਾ ਮੰਨਿਆ ਜਾਂਦਾ ਹੈ।ਤਾਇਆ ਪਿਤਾ ਦਾ ਵੱਡਾ ਭਰਾ ਤੇ ਤਾਈ ਪਿਤਾ ਦੀ ਵੱਡੀ ਭਰਜਾਈ ਹੁੰਦੀ ਹੈ। ਤਾਇਆ-ਤਾਈ ਮਾਂ ਪਿਓ ਨਾਲੋਂ ਉਮਰ ਵਿੱਚ ਵੱਡੇ ਹੋਣ ਕਰਕੇ ਆਦਰ ਤੇ ਸਤਿਕਾਰ ਦੇ ਧਾਰਨੀ ਸਾਕਾਦਾਰੀ ਸੰਬੰਧ ਹਨ। ਬੱਚਿਆਂ ਵਿੱਚ ਦਾਦੇ-ਦਾਦੀ, ਮਾਤਾ-ਪਿਤਾ ਵਾਂਗ ਹੀ ਤਾਏ-ਤਾਈ ਦਾ ਡਰ ਬਣਿਆ ਰਹਿੰਦਾ ਹੈ। ਘਰ ਦੇ ਵਿੱਚ ਦਾਦੇ-ਦਾਦੀ ਤੋਂ ਬਾਅਦ ਤਾਏ-ਤਾਈ ਦਾ ਪੂਰਾ ਰੋਹਬ ਹੁੰਦਾ ਹੈ।ਸਾਂਝੇ ਪਰਿਵਾਰ ਵਿੱਚ ਦਾਦੇ-ਦਾਦੀ ਤੋਂ ਬਾਅਦ ਸਾਰੀ ਜ਼ਿੰਮੇਵਾਰੀ ਤਾਏ-ਤਾਈ ਦੀ ਹੁੰਦੀ ਹੈ।ਸਾਂਝੇ ਪਰਿਵਾਰ ਵਿੱਚ ਬੱਚਿਆਂ ਦੇ ਵਿਆਹ ਸ਼ਾਦੀ ਲਈ ਰਿਸ਼ਤੇ ਕਰਨ ਸਮੇਂ ਤਾਇਆ-ਤਾਈ ਹੀ ਰਿਸ਼ਤਾ ਤੈਅ ਕਰਦੇ ਹਨ। ਘਰ ਵਿੱਚ ਮੁੰਡੇ ਜੰਮਣ ਦੀ ਖੁਸ਼ੀ ਜਿੰਨੀ ਮਾਂ-ਪਿਓ ਨੂੰ ਹੁੰਦੀ ਹੈ, ਉਨ੍ਹੀ ਖੁਸ਼ੀ ਹੀ ਤਾਏ-ਤਾਈ ਹੁੰਦੀ ਹੈ। ਅੱਜ਼ ਦੇ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰਾਂ ਨੇ ਲੈ ਲਈ ਹੈ। ਪੰਜਾਬੀ ਸਮਾਜ ਵਿੱਚ ਇਕਹਿਰੇ ਪਰਿਵਾਰਾਂ ਵਿੱਚ ਵੀ ਕੋਈ ਅਜਿਹਾ ਕੰਮ ਜਿਵੇਂ ਧੀ ਲਈ ਯੋਗ ਵਰ ਲੱਭਣ ਤਾਏ-ਚਾਚੇ ਦੀ ਮਰਜ਼ੀ ਤੋਂ ਬਗੈਰ ਨਹੀਂ ਹੁੰਦਾ। ਪੰਜਾਬੀ ਲੋਕ-ਕਾਵਿ ਵਿਚ ਵੀ ਤਾਏ-ਤਾਇਆ ਦਾ ਜ਼ਿਕਰ ਪੰਜਾਬੀ ਲੋਕ-ਕਾਵਿ ਵਿੱਚ ਧੀ ਦੇ ਬੋਲਾਂ ਰਾਹੀ ਮਿਲ ਹੀ ਜਾਂਦਾ ਹੈ।

ਸੁਣ ਵੇ ਚਾਚਾ, ਸੁਣ ਵੇ ਤਾਇਆ,
ਸੁਣ ਵੇ ਬਾਬਲਾ ਲੋਭੀ,
ਦਾਰੂ ਪੀਣੇ ਨੂੰ, ਤੈ ਕੂੰਜ ਕਿਉ ਡੋਬੀ।

ਤਾਏ-ਤਾਈ ਦੇ ਰਿਸ਼ਤੇ ਵਾਂਗ ਚਾਚੇ-ਚਾਚੀ ਦਾ ਰਿਸ਼ਤਾ ਵੀ ਪੰਜਾਬੀ ਸਾਕਾਦਾਰੀ ਦਾ ਮਹੱਤਵਪੂਰਨ ਅੰਗ ਹੈ। ਚਾਚਾ ਪਿਤਾ ਦਾ ਛੋਟਾ ਭਰਾ ਤੇ ਚਾਚੀ ਛੋਟੀ ਭਰਜਾਈ ਹੁੰਦੀ ਹੈ। ਪਰਿਵਾਰ ਵਿੱਚ ਬੱਚਿਆ ਦਾ ਮਾਂ-ਪਿਓ ਨਾਲੋ ਵੱਧ ਪਿਆਰ ਚਾਚੇ ਨਾਲ ਹੁੰਦਾ ਹੈ। ਕਿਉਂਕਿ ਜਿੰਨਾ ਚਿਰ ਚਾਚਾ ਵਿਆਹਿਆ ਨਾ ਹੋਣ ਕਾਰਨ ਉਹ ਆਪਣੇ ਭਰਾ ਦੇ ਬੱਚਿਆ ਨਾਲ ਪਿਆਰ ਵੀ ਕਰਦਾ ਹੈ ਅਤੇ ਦੋਸਤੀ ਵੀ ਨਿਭਾਉਂਦਾ ਹੈ। ਬੱਚੇ ਮਾਂ-ਪਿਓ ਤੋਂ ਡਰਦੇ ਹਨ। ਇਸ ਕਰਕੇ ਉਹ ਹਰ ਆਪਣੀ ਲੋੜ ਚਾਚੇ ਨੂੰ ਦੱਸਦੇ ਹਨ। ਚਾਚਾ ਉਹਨਾਂ ਦੀ ਮੂੰਹੋ ਮੰਗੀ ਲੋੜ ਪੂਰੀ ਕਰਦਾ ਹੈ। ਚਾਚੇ-ਭਤੀਜੇ ਦੀ ਪੀੜ੍ਹੀ ਤੇ ਪਰੰਪਰਾ ਦੀ ਸਾਂਝ ਹੈ। **'ਗੰਨੇ ਤੋਂ ਗਨੇਰੀ ਮਿੱਠੀ, ਗੁੜ ਤੋਂ ਮਿੱਠਾ ਲਾਲ, ਭਾਈ ਤੋਂ ਭਤੀਜਾ ਮਿੱਠਾ ਸਭ ਤੋਂ ਮਿੱਠਾ ਸਾਲਾ'** ਇਸ ਲੋਕ ਅਖੌਤ ਤੋਂ ਪਤਾ ਲੱਗਦਾ ਹੈ ਕਿ ਭਰਾ ਨਾਲੋਂ ਜਿਆਦਾ ਪਿਆਰ ਉਸ ਦੇ ਪੁੱਤਰ ਨਾਲ ਹੈ ਭਰਾ ਦਾ ਰਿਸ਼ਤਾ ਭਾਵੇ ਕਿੰਨਾ ਵੀ ਮਿੱਠਾ ਕਿਉ ਨਾ ਹੋਵੇ ਪਰ ਭਰਾ ਨਾਲੋ ਭਤੀਜੇ-ਭਤੀਜੀਆਂ ਨਾਲ ਚਾਚੇ ਦਾ ਮੋਹ ਜਾਂਦਾ ਹੁੰਦਾ ਹੈ। ਚਾਚਾ ਮਾਂ ਦਾ ਦਿਓਰ ਹੋਣ ਕਰਕੇ ਭਰਜਾਈ ਚਾਚੇ ਦੇ ਲਈ ਮਾਂ ਬਰਾਬਰ ਹੁੰਦੀ ਹੈ। ਭਤੀਜੇ-ਭਤੀਜੀਆਂ ਨਾਲ ਰਿਸ਼ਤਾ ਚਾਚੇ ਦੇ ਵਿਆਹ ਤੋਂ ਬਾਅਦ ਬਦਲਨਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਉਸਦਾ ਆਪਣੇ ਬੱਚਿਆ ਵੱਲ ਵਧੇਰੇ ਧਿਆਨ ਹੋ ਜਾਂਦਾ ਹੈ। ਕਈ ਵਾਰ ਤਾਂ ਇਹ ਰਿਸ਼ਤਾ ਪਿਆਰ ਨਾਲ ਨਿਭਦਾ ਆਉਦਾ ਹੈ ਪਰ ਕਈ ਵਾਰ ਇਹ ਰਿਸ਼ਤਾਂ ਵਿਆਹ ਤੋਂ ਬਾਅਦ ਨਫ਼ਰਤ ਅਤੇ ਕੜਤੱਣ ਦੇ ਭਾਵਾਂ ਨਾਲ ਵੀ ਭਰ ਜਾਂਦਾ ਹੈ ਤਾਏ-ਚਾਚੇ ਦਾ ਰਿਸ਼ਤਾ ਆਰਥਿਕਤਾ ਦੇ ਆਧਾਰ ਤੇ ਵੀ ਜੁੜਿਆ ਹੁੰਦਾ ਹੈ ਤੇ ਜੇਕਰ ਭਰਾ ਦੀ ਅਣਹੋਂਦ ਹੋਵੇ ਤਾਂ ਜ਼ਮੀਨ ਦੇ ਲਾਲਚ ਵਿੱਚ ਤਾਏ-ਚਾਚੇ ਮਤਲਬੀ ਹੋ ਜਾਂਦੇ ਹਨ ਪਰੰਤੂ ਸਕੇ ਭਰਾਵਾਂ ਬਿਨ੍ਹਾਂ ਕੋਈ ਵੀ ਪੂਰਾ ਨਹੀਂ ਉੱਤਰ ਸਕਦਾ ਤੇ ਧੀ ਆਪਣੇ ਬੋਲਾ ਰਾਹੀ ਦਿਲ ਦੇ ਭੇਦ ਛੁਪਾ ਨਹੀਂ ਸਕਦੀ।

ਚਾਚੇ ਤਾਏ ਮਤਲਬ ਦੇ
ਛੱਕਾਂ ਪੂਰਦੇ ਅੰਮਾਂ ਦੇ ਜਾਏ।

ਸਾਕਾਦਾਰੀ ਪ੍ਰਣਾਲੀ ਅਧੀਨ ਭੈਣ-ਭਰਾ ਸਭ ਤੋਂ ਮਹੱਤਵਪੂਰਨ ਤੇ ਲਹੂ ਭਿੱਜੇ ਮੋਹ ਦੀ ਡੂੰਘੀ ਸਕੀਰੀ ਹੈ। ਭੈਣਾਂ ਹਮੇਸ਼ਾ ਆਪਣੇ ਵੀਰ ਦੇ ਘਰ ਦੀ ਸੁੱਖ ਮੰਗਦੀਆਂ ਹਨ। **'ਵੱਸਦਾ ਰਹੇ ਮੇਰੇ ਵੀਰੇ ਦਾ ਵਿਹੜਾ ਭੈਣਾਂ ਦੀ ਏਹੀ ਦੁਆ'** ਸਹੁਰੇ ਘਰ ਦੀ ਨਿਵ ਕੇ ਦਿਨ ਕੱਟਦੀ ਭੈਣ ਭਰਾ ਅੱਗੇ ਆਪਣੇ ਰਿਸ਼ਤੇ ਦੀ ਅਰਜੋਈ ਕਰਦੀ ਹੈ। ਡਾ. ਜ਼ਸਵਿੰਦਰ ਸਿੰਘ ਭੈਣ ਭਰਾ ਦੇ ਰਿਸ਼ਤੇ ਦੀ ਪਵਿੱਤਰਤਾ ਦੇ ਧਾਰਨ ਰਿਸ਼ਤੇ ਬਾਰੇ ਲਿਖਦੇ ਹਨ, "ਇਹ ਰਿਸ਼ਤਾ ਸਾਡੇ ਸਭਿਆਚਾਰ ਵਿੱਚ ਪਿਆਰ, ਸਾਂਝ, ਮਿਲਵਰਤਨ ਅਤੇ ਭਰਾ ਵਲੋਂ ਭੈਣ ਦੀ ਹਰੇਕ ਪੱਖ ਤੋਂ ਸਹਾਇਤਾ ਕਰਨ, ਹਿਫ਼ਾਜ਼ਤ ਕਰਨ ਕਰਕੇ ਬੁਨਿਆਦੀ ਅਤੇ ਸਦੀਵੀ ਹੈ। ਇਕੋ ਮਾਂ-ਬਾਪ ਦੀ ਸੰਤਾਨ ਹੋਣ ਕਾਰਨ ਇਹ ਰਿਸ਼ਤਾ ਜੀਵ-ਵਿਗਿਆਨਕ ਅਤੇ ਸਭਿਆਚਾਰਕ ਦੋਵੇ ਆਧਾਰ ਰੱਖਣ ਕਾਰਨ ਸਦੀਵੀ, ਸਥਾਈ ਅਤੇ ਅਟੁੱਟ ਹੈ। ਇਸ ਵਿੱਚ ਪਰਸਪਰ ਮੋਹ ਦੂਸਰੇ ਮਨੁੱਖੀ ਰਿਸ਼ਤਿਆ ਨਾਲੋ ਵੱਖਰੀ ਪ੍ਰਕਾਰ ਦਾ ਹੈ, ਜੋ ਸਾਡੇ ਸਭਿਆਚਾਰ ਵਿਚ ਪ੍ਰਚਲਿਤ ਅਨੇਕ ਰੀਤੀ-ਰਿਵਾਜਾਂ ਸੰਸਕਾਰਾਂ, ਲੋਕ ਵਿਸ਼ਵਾਸਾਂ ਅਤੇ ਤਿਉਹਾਰਾਂ ਵਿੱਚ ਪ੍ਰਤੀਬਿੰਬ ਹੁੰਦਾ ਹੈ।"

*Copyright © 2021, Scholarly Research Journal for Humanity Science & English Language*

ਲੋਕ ਬੋਲੀਆਂ ਵਿੱਚ ਭੈਣ-ਭਰਾ ਦੇ ਰਿਸ਼ਤੇ ਦਾ ਪਿਆਰ ਬਿਆਨ ਹੁੰਦਾ ਹੈ:

ਹਰੇ ਹਰੇ ਘਾਹ ਉੱਤੇ, ਉਡਣ ਭੰਬੀਰੀਆਂ
ਵਰਤੋਂ ਵੀਰੋ ਵੇ, ਭੈਣਾਂ ਡੂੰਘੀਆਂ ਸਕੀਰੀਆਂ
ਜਾਂ
ਤੋੜ ਕੇ ਨਾ ਬਹਿਜੀ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ।

ਸੋਹਿੰਦਰ ਸਿੰਘ ਬੇਦੀ ਭੈਣ-ਭਰਾ ਦੇ ਡੂੰਘੇ ਸਾਕ ਤੇ ਪਵਿੱਤਰ ਰਿਸ਼ਤੇ ਬਾਰੇ ਲਿਖਦੇ ਹਨ:

ਪੰਜਾਬ ਵਿੱਚ ਭੈਣ ਭਰਾ ਦਾ ਰਿਸ਼ਤਾ ਸਭਨਾ ਰਿਸ਼ਤਿਆਂ ਤੋਂ ਵੱਧ ਨਿੱਘਾ, ਨਿਰਮਲ ਤੇ ਮਿੱਠਤ ਭਰਿਆ ਹੈ। ਦੋਵੇ ਅਜਿਹੀ ਅਜ਼ਲੀ ਗੰਢ ਵਿੱਚ ਬੱਝੇ ਹੁੰਦੇ ਹਨ, ਜ਼ੋ ਕਦੀ ਛਿੱਜਦੀ ਨਹੀਂ, ਜਿਸ ਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ। ਨਿੱਕਿਆਂ ਹੁੰਦਿਆਂ ਭੈਣ 'ਕਿੱਕਲੀ' ਤੇ ਖੇਹਨੂੰ ਦੀ ਗੀਤਾਂ ਵਿੱਚ ਆਪਣੇ ਵੀਰ ਰਾਜੇ ਦਾ ਜਸ ਗਾਂਦੀ ਥੱਕਦੀ ਨਹੀਂ। ਜਦੋਂ ਉਹ ਪਰਾਈ ਹੋ ਜਾਂਦੀ ਹੈ ਤਾਂ ਸਹੁਰੇ ਘਰ ਉਸਨੂੰ ਸਭ ਤੋਂ ਵੱਧ ਤਾਂਘ ਆਪਣੇ ਵੀਰ ਨੂੰ ਮਿਲਣ ਦੀ ਹੀ ਹੁੰਦੀ ਹੈ। ਵਿਆਹ ਢੰਗਾ ਵੇਲੇ ਉਸ ਦਾ ਵੀਰ ਉਸਨੂੰ ਸਹੁਰੇ ਘਰੋ ਪੇਕੇ ਲਿਆਉਦਾ ਹੈ। ਵੀਰ ਨੇ ਹੀ ਭੀੜ ਵੇਲੇ ਉਸਦੀ ਸਾਰ ਲੈਣੀ ਹੁੰਦੀ ਹੈ ਤੇ ਭੈਣ ਦੇ ਮਿੱਠੇ ਸੁਪਨੇ ਉਸੇ ਦੁਆਲੇ ਬੁਣੇ ਹੁੰਦੇ ਹਨ।"

ਪੰਜਾਬੀ ਸਮਾਜ ਤੇ ਸੱਭਿਆਚਾਰ ਵਿੱਚ ਭੈਣ-ਭਰਾ ਦੇ ਰਿਸ਼ਤੇ ਵਾਂਗ ਭਰਾਵਾਂ ਦਾ ਰਿਸ਼ਤਾ ਆਪਣੇ ਵੱਖਰੇ ਮੁੱਲ ਵਿਧਾਨ ਤੇ ਮਹੱਤਵ ਦਾ ਧਾਰਨੀ ਹੈ। ਇਕ ਮਾਂ ਦੀ ਕੁੱਖੋ ਜਨਮ ਲੈ ਕੇ ਲਹੂ ਭਿੱਜੀ ਸੰਰਾਲੀ ਦੇ ਰਿਸ਼ਤੇ ਦਾ ਰਸ ਵਿਆਹ ਤੋਂ ਪਹਿਲਾ ਵਧੇਰੇ ਮਿੱਠਾ ਤੇ ਪਿਆਰ ਦਾ ਭਰਿਆ ਪਿਆਲਾ ਹੁੰਦਾ ਹੈ। ਪਰ ਵਿਆਹ ਤੋਂ ਬਾਅਦ ਸ਼ਰੀਕਾਚਾਰੀ ਵਿੱਚ ਬਦਲ ਜਾਂਦਾ ਹੈ। ਮਾਂ ਜਾਏ ਭਰਾਵਾ ਵਿੱਚ ਵੰਡਿਆ ਪੈ ਜਾਂਦੀਆਂ ਹਨ। ਇਹ ਰਿਸ਼ਤਾਂ ਮਾਂ ਪਿਓ ਦੇ ਜਿਉਂਦਿਆਂ ਤਾਂ ਹਾਲੇ ਕਦੇ ਬੋਲ ਕਦੇ ਵਿਗਾੜ ਨਾਲ ਨਿਭ ਜਾਂਦਾ ਹੈ ਪਰੰਤੂ ਮਾਂ ਪਿਉ ਦੀ ਮੌਤ ਤੋਂ ਬਾਅਦ ਪਤਨੀਆਂ ਝੱਟ ਆਪਣੇ ਘਰ ਵੰਡਣ ਲਈ ਤਿਆਰ ਹੋ ਜਾਂਦੀਆਂ ਹਨ। ਭਾਵੇ ਇਹ ਰਿਸ਼ਤਾਂ ਪੰਜਾਬੀ ਸਭਿਆਚਾਰ ਵਿੱਚ ਭਰਾ ਭਰਾ ਇਕ ਦੂਜੇ ਦੀਆਂ ਬਾਹੀ ਹੋਣ ਦਾ ਰਿਸ਼ਤਾ ਹੈ। ਭਰਾ ਦੁੱਖ ਸੁੱਖ ਵਿੱਚ ਸਾਥ ਦਿੰਦੇ ਹਨ। ਸ਼ਰੀਕੇ ਵਿੱਚ ਵੀ ਭਰਾਵਾਂ ਦੀ ਸਾਂਝ ਕਾਰਨ ਕੋਈ ਅੱਖ ਚੁਕ ਕੇ ਨਹੀਂ ਦੇਖ ਸਕਦਾ। ਡਾ. ਜਸਵਿੰਦਰ ਸਿੰਘ ਅਨੁਸਾਰ:

"ਭਰਾ-ਭਰਾ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਵਿਚ ਇਕ ਦੂਸਰੇ ਦੀਆਂ ਬਾਹਾਂ ਹੋਣ ਦਾ ਰਿਸ਼ਤਾ ਹੈ। ਭਰਾ-ਭਰਾ ਇਕ ਦੂਸਰੇ ਦੇ ਆਸ਼ਰਿਤ ਹੁੰਦੇ ਹਨ। ਇਕੋ ਮਾਂ ਦੇ ਪੇਟੋ ਜਨਮ ਲੈਣ ਕਰਕੇ ਇਸ ਰਿਸ਼ਤੇ ਵਿੱਚ ਨਿਕਟਤਾ ਵਧੇਰੇ ਹੁੰਦੀ ਹੈ। ਸਾਡੇ ਸਭਿਆਚਾਰ ਵਿਚ ਭਰਾ ਭਰਾ ਦਾ ਰਿਸ਼ਤਾ ਦੋਹਰੇ ਸੁਭਾਅ ਦਾ ਧਾਰਨੀ ਹੈ। ਇਕ ਪਾਸੇ ਤਾਂ

*Copyright © 2021, Scholarly Research Journal for Humanity Science & English Language*

ਰਿਸ਼ਤੇ-ਨਾਤੇ ਦੇ ਪ੍ਰਸੰਗ ਵਿੱਚ ਇਹ ਅਤਿ ਨਿਕਟਵਰਤੀ ਸੰਬੰਧ ਹੋਣ ਕਾਰਨ ਆਪਸੀ ਅਪਣੱਤ, ਸਾਂਝ ਸਹਾਇਤਾ, ਸਮਾਜਿਕ ਸਰੁੱਖਿਆ, ਇਜ਼ੱਤ ਮਾਣ ਆਦਿ ਦਾ ਰੂਪ ਹੈ ਅਤੇ ਦੂਸਰੇ ਪਾਸੇ ਜਮਾਤੀ ਸਮਾਜ ਵਿੱਚ ਨਿੱਜੀ ਜਾਇਦਾਦ ਨਾਲ ਸੰਬੰਧਿਤ ਵਿਰਾਸਤੀ ਨਿਯਮਾਂ ਅਨੁਸਾਰ ਸ਼ਰੀਕੇਦਾਰੀ ਦਾ ਰੂਪ ਬਣ ਜਾਂਦਾ ਹੈ।"

"ਹੋਣ ਉਨ੍ਹਾਂ ਦੀਆਂ ਸੋ ਸੋ ਬਾਹਵਾਂ ਭਾਈ ਜਿਹਨਾਂ ਦੇ ਬਾਹਲੇ। ਬਾਂਝ ਭਰਾਵਾਂ ਦੇ ਮੈਨੂੰ ਘੂਰਦੇ ਸ਼ਰੀਕੇ ਵਾਲੇ।"

ਪੰਜਾਬੀ ਸਮਾਜ ਤੇ ਸਭਿਆਚਾਰ ਅਧੀਨ ਜੀਵਨ ਦੀ ਛੋਟੀ ਤੋਂ ਛੋਟੀ ਇਕਾਈ ਰਿਸ਼ਤਿਆਂ ਵਿੱਚ ਬੱਝੀ ਹੁੰਦੀ ਹੈ। ਪਿੰਡਾਂ ਵਿੱਚ ਭਾਈਚਾਰਕ ਸਾਂਝ ਵਜੋਂ ਵੀ ਲੋਕ ਰਿਸ਼ਤਿਆਂ ਰਾਹੀ ਹੀ ਮੁਖਾਤਿਬ ਹੁੰਦੇ ਹਨ। ਹਰੇਕ ਰਿਸ਼ਤਾਂ ਪਿਆਰ ਅਤੇ ਸਤਿਕਾਰ ਦੇ ਵਿਵਹਾਰ ਦਾ ਧਾਰਨੀ ਹੁੰਦਾ ਹੈ। ਪਿੰਡ ਦੇ ਵਿੱਚ ਪਿਤਾ ਤੋਂ ਵੱਡੇ ਜਿੰਨੇ ਵੀ ਮਰਦ ਤਾਏ, ਛੋਟੇ ਚਾਚੇ ਦੇ ਨਾਂ ਨਾਲ ਹੀ ਮੁਖਾਤਿਬ ਹੁੰਦੇ ਹਨ। ਪਿੰਡ ਦਾ ਹਰ ਗੱਭਰੂ ਹਰ ਮੁਟਿਆਰ ਇਕ ਦੂਜੇ ਲਈ ਭੈਣ-ਭਰਾ ਹੁੰਦੇ ਹਨ ਅਤੇ ਸਮਾਜਕ ਅਵੱਗਿਆਂ ਵਰਗੇ ਕੰਮਾਂ ਦੀ ਸਖਤ ਮਨਾਹੀ ਹੁੰਦੀ ਹੈ। ਡਾ. ਨਾਹਰ ਸਿੰਘ ਮਾਲਵੇ ਦੇ ਪਿੰਡਾਂ ਦੀ ਪਰਿਵਾਰਕ ਸਾਂਝ ਬਾਰੇ ਅਤੇ ਮਾਣ ਇੱਜ਼ਤ ਬਾਰੇ ਲਿਖਦੇ ਹਨ ਕਿ:

"ਮਲਵਈ ਜੀਵਨ ਦੀ ਛੋਟੀ ਤੋਂ ਛੋਟੀ ਇਕਾਈ ਵਿਅਕਤੀ ਨਹੀਂ ਸਗੋਂ ਪਰਿਵਾਰ ਹੈ। ਅੱਗੋ ਸਾਰਾ ਪਿੰਡ ਘੱਟੋ-ਘੱਟ ਭਾਈਚਾਰਕ ਪੱਧਰ ਉੱਤੇ ਪਰਿਵਾਰ ਵਾਂਗ ਹੈ। ਇਸ ਵਿੱਚ ਕੋਈ ਦੂਜੇ ਨੂੰ 'ਬਾਬਾ', 'ਤਾਇਆ', 'ਚਾਚਾ' ਆਖ ਕੇ ਬੁਲਾਉਂਦਾ ਹੈ। ਪਿੰਡ ਦੀ ਧੀ ਭੈਣ ਦੀ ਇੱਜ਼ਤ ਸਾਂਝੀ ਇਜ਼ੱਤ ਸਮਝੀ ਜਾਂਦੀ ਹੈ ਅਤੇ ਪਿੰਡ ਦਾ ਜੁਆਈ, ਸਾਰੇ ਪਿੰਡ ਦੇ ਜੁਆਈ ਵਜੋ ਸਤਿਕਾਰਿਆ ਜਾਂਦਾ ਹੈ। ਇਕ ਪਿੰਡ ਦੇ ਅੰਦਰ ਅੰਦਰ ਗੱਭਰੂ ਤੇ ਮੁਟਿਆਰ ਦਾ ਸਮਾਜਕ ਤੌਰ ਤੇ ਪ੍ਰਵਾਨਿਤ ਰਿਸ਼ਤਾ ਭੈਣ-ਭਰਾ ਦਾ ਹੀ ਹੋ ਸਕਦਾ ਹੈ।"

ਪੰਜਾਬੀ ਸਭਿਆਚਾਰ ਵਿਚ ਸਭ ਤੋਂ ਵਧੇਰੇ ਪਿਆਰ, ਸਤਿਕਾਰ ਤੇ ਮਾਣ ਦੀ ਪਾਤਰ ਘਰ ਦੀ ਧੀ ਭੂਆ ਜੋ ਕਿ ਪਿਤਾ ਦੀ ਭੈਣ ਹੁੰਦੀ ਹੈ। ਭੂਆ ਦਾ ਘਰ ਦੇ ਵਿਚ ਬਹੁਤ ਸਤਿਕਾਰ ਹੁੰਦਾ ਹੈ। ਭੂਆ ਖੂਨ ਦੇ ਰਿਸ਼ਤੇ ਨਾਲ ਸੰਬੰਧਿਤ ਬਹੁਤ ਹੀ ਮਹੱਤਵਪੂਰਨ ਤੇ ਪੀੜੀਆਂ ਗੰਢਾਂ ਦਾ ਰਿਸ਼ਤਾ ਹੈ। ਜੇਕਰ ਭੂਆ ਕੁਆਰੀ ਹੋਵੇ ਤਾਂ ਬੱਚਿਆਂ ਦਾ ਚਾਚੇ ਵਾਂਗ ਭੂਆ ਨਾਲ ਮਾਂ ਅਤੇ ਪਿਤਾ ਨਾਲੋਂ ਵੱਧ ਪਿਆਰ ਹੁੰਦਾ ਹੈ। ਭੂਆਂ ਹਮੇਸ਼ਾ ਭਰਾ ਦੇ ਘਰ ਦੇ ਭਤੀਜੇ ਦੀਆਂ ਸੁੱਖਾਂ ਮੰਗਦੀ ਹੈ। ਬਾਪ ਦੇ ਘਰ ਪੋਤਾ ਤੇ ਵੀਰ ਦੇ ਘਰ ਪੁੱਤਰ ਦੇ ਜਨਮ ਦਾ ਚਾਅ ਭੂਆ ਨਾਲੋ ਵੱਧ ਸ਼ਾਇਦ ਹੋਰ ਕਿਸੇ ਨੂੰ ਨਹੀਂ ਹੋ ਸਕਦਾ ਤੇ ਆਪਣੇ ਮਨ ਦੀਆਂ ਖੁਸ਼ੀਆ ਨੂੰ ਲੁਕਾ ਨਹੀਂ ਸਕਦੀ ਤੇ ਭਤੀਜੇ ਦੀ ਛਟੀ ਤੇ ਪਹੁੰਚਣ ਦੀ ਕਾਹਲੀ ਭੂਆ ਦਾ ਬਿਆਨ **ਗਿਆਨੀ ਗੁਰਦਿੱਤ ਸਿੰਘ** ਆਪਣੇ ਸ਼ਬਦਾਂ ਵਿੱਚ ਭੂਆ ਦੇ ਭਤੀਜੇ ਪ੍ਰਤੀ ਮੋਹ ਨੂੰ ਪ੍ਰਗਟ ਕਰਦੇ ਹਨ, 'ਛੇਤੀ ਛੇਤੀ ਤੌਰ ਯੱਕੇ ਨੂੰ, ਮੈ ਭਤੀਜੇ ਦੀ ਛਟੀ ਤੇ ਜਾਣਾ।' ਭੂਆ ਭਤੀਜੇ ਦੇ ਜਨਮ ਦੀ ਖੁਸ਼ੀ ਵਿੱਚ ਲੋਹੜੀ ਵੰਡਦੀ ਹੈ ਤੇ ਧਰਤੀ ਤੇ ਪੈਰ ਨਹੀਂ ਲਾਉਂਦੀ ਤੇ ਪੰਜਾਬੀ ਸਮਾਜ ਵਿੱਚ ਇਹ ਰੀਤ ਹੈ ਕਿ ਜਦੋਂ ਦਾਦੇ ਘਰ

*Copyright © 2021, Scholarly Research Journal for Humanity Science & English Language*

ਪੋਤੇ ਦਾ ਜਨਮ ਹੁੰਦਾ ਹੈ ਤਾਂ ਧੀਆਂ ਨੂੰ ਲਵੇਰੀਆਂ ਮੱਝਾ ਦਾਨ ਕੀਤੀਆਂ ਜਾਂਦੀਆਂ ਹਨ ਤੇ ਭੂਆ ਖੁਸ਼ੀ ਵਿੱਚ ਖੀਵੀ ਹੋਈ ਆਪਣੇ ਬੋਲ ਸਿਰਜਦੀ ਹੈ: ਵੀਰ ਘਰ ਪੁੱਤ ਜੰਮਿਆ, ਬਾਪੂ ਮੱਝੀਆਂ ਦੇ ਸੰਗਲ ਫੜਾਏ:

"ਭਤੀਜਾ ਜੰਮਣ ਦੀ ਖੁਸ਼ੀ ਜਿੰਨੀ ਭੂਆ ਨੂੰ ਹੁੰਦੀ ਹੈ, ਉਸਦਾ ਬਿਆਨ ਕਰਨਾ ਔਖਾ ਹੈ। ਭੂਆ ਭਤੀਜੇ ਦਾ ਰਿਸ਼ਤਾ ਮੋਹ ਦੀਆਂ ਤੰਦਾਂ ਵਿੱਚ ਜਕੜਿਆਂ ਹੋਇਆ ਰਿਸ਼ਤਾਂ ਹੈ, ਭਤੀਜੇ ਦੀ ਆਮਦ ਤੋਂ ਪਹਿਲਾ ਉਹ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਰਹਿੰਦੀ ਹੈ।"

ਭੂਆ ਭਤੀਜੀ ਦਾ ਰਿਸਤਾ ਸਾਂਝ ਵਾਲਾ ਰਿਸ਼ਤਾ ਹੈ ਤਾ ਹੀ ਤਾ ਕਿਹਾ ਜਾਂਦਾ ਹੈ, **'ਮਾਂ-ਧੀ ਦੋ ਜਾਤਾਂ ਭੂਆ ਭਤੀਜੀ ਇੱਕ ਜਾਤ'** ਭੂਆ ਭਤੀਜੀ ਦੀ ਆਪਸ ਵਿੱਚ ਤਕਰਾਰ ਵੀ ਚਲਦੀ ਰਹਿੰਦੀ ਹੈ। ਆਲੂ ਵੜੀਆਂ ਕਿਉਂ ਧਰੀਆਂ ਭੂਆ ਭਤੀਜੀ ਕਿਉ ਲੜੀਆਂ ਆਲੂ ਵੜੀਆਂ ਦੋ ਡੋਲ ਤੀਆ ਭੂਆ ਭਤੀਜੀ ਬੋਲ ਪੀਆ ਵਿੱਚ ਕਚਹੀਰੀ ਦੇ ਭੂਆ ਭਤੀਜੀ ਲੜੀਆਂ। ਭਤੀਜੇ ਦੇ ਪੈਦਾ ਹੋਣ ਨਾਲ ਭੂਆ ਖੁਸ਼ੀ ਵਿੱਚ ਖੀਵੀ ਹੋ ਉਠਦੀ ਹੈ ਤੇ ਮਾਪਿਆਂ ਦੀ ਪੀੜ੍ਹੀ ਦਾ ਅਗਲਾ ਰਿਸ਼ਤਾ ਜੁੜਦਾ ਹੈ, ਭਤੀਜੇ ਨੂੰ ਚੁੱਕ ਕੇ ਹਰੇਕ ਰਸਮ ਰਿਵਾਜ਼ ਨਿਭਾਉਂਦੀ ਹੋਈ ਨੂੰ ਇੱਕ ਅਲੱਗ ਜਹੀ ਤਸੱਲੀ ਮਹਿਸੂਸ ਹੁੰਦੀ ਹੈ। ਬੋਲੀਆਂ ਰਾਹੀ ਉਹ ਆਪਣੀ ਖੁਸ਼ੀ ਨੂੰ ਬਿਆਨ ਕਰਦੀ ਹੈ:

ਪੁੱਤ ਵੀਰ ਦਾ ਭਤੀਜਾ ਮੇਰਾ,
ਨਿਉਂ ਜੜ੍ਹ ਮਾਪਿਆਂ ਦੀ।
ਪੁੱਤ ਵੀਰ ਦਾ ਭਤੀਜਾ ਮੇਰਾ
ਭੂਆ ਕਹਿ ਕੇ ਮੱਥਾ ਟੇਕਦਾ।
ਚੁੱਕ ਕੇ ਭਤੀਜੇ ਨੂੰ ਬਿਨ
ਪੌੜੀਉਂ ਚੁਬਾਰੇ ਚੜ੍ਹ ਜਾਵਾ।

ਪੇਕੇ ਘਰ ਵਿੱਚ ਭੂਆਂ ਤੋਂ ਬਾਅਦ ਭੂਆ ਨਾਲ ਰਿਸ਼ਤੇਦਾਰੀ ਭਤੀਜਾ ਨਿਭਾਉਂਦਾ ਹੈ। ਭੂਆ ਭਾਵੇ ਘਰ ਪਰਿਵਾਰ ਵਾਲੀ ਹੋ ਜਾਵੇ ਪੁੱਤ-ਪੋਤਿਆਂ ਵਾਲੀ ਹੋ ਜਾਵੇ ਪਰ ਫੇਰ ਵੀ ਪੇਕੇ ਪਰਿਵਾਰ ਦੀ ਸਾਂਝ ਉਹ ਜ਼ਿੰਦਗੀ ਦੇ ਅੰਤ ਤੱਕ ਨਿਭਾਉਂਦੀ ਹੈ। ਇਥੋਂ ਤੱਕ ਕੇ ਮਰਨ ਉਪਰੰਤ ਵੀ ਖੱਫਣ ਪੇਕੇ ਘਰੋਂ ਭਰਾ ਦੇ ਭਤੀਜੇ ਹੀ ਪਾਉਂਦੇ ਹਨ। ਭੂਆ ਵਾਂਗ ਫੁੱਫੜ ਦਾ ਰਿਸ਼ਤਾ ਆਦਰ ਸਤਿਕਾਰ ਵਾਲਾ ਹੁੰਦਾ ਹੈ ਕਿਉਂਕਿ ਫੁੱਫੜ ਘਰ ਦਾ ਜੁਆਈ ਹੋਣ ਕਾਰਨ ਸਹੁਰੇ ਘਰ ਵਿੱਚ ਉਸਦੀ ਵਧੇਰੇ ਇਜ਼ੱਤ ਹੁੰਦੀ ਹੈ। ਕਈ ਵਾਰ ਇਸ ਰਿਸ਼ਤੇਦਾਰੀ ਵਿੱਚ ਲੋਭ/ਲਾਲਚ ਦੀ ਭਾਵਨਾ ਵੀ ਦੇਖਣ ਨੂੰ ਮਿਲਦੀ ਹੈ। ਜਦੋ ਲਾਲਚ ਵੱਸ ਸੋਹਣੀ ਮਨੁੱਖੀ ਭਤੀਜੀ ਦਾ ਫੁੱਫੜ ਵਿਚੋਲਾ ਬਣ ਜਾਂਦਾ ਹੈ ਤੇ ਵੱਡੀ ਉਮਰ ਦਾਿ ਵਰ ਲੱਭ ਦਿੰਦਾ ਹੈ ਤੇ ਅਜਿਹੇ ਰਿਸ਼ਤੇ ਵਿੱਚ ਪਿਤਾ ਤੇ ਚਾਚੇ ਤਾਏ ਵੀ ਬਰਾਬਰ ਦੇ ਕਸੂਰਵਾਰ ਮੰਨੇ ਜਾਂਦੇ ਹਨ।

*Copyright © 2021, Scholarly Research Journal for Humanity Science & English Language*

ਬਾਪੂ ਚਾਚਾ ਗੱਲਾਂ ਕਰਦੇ,
ਫੁੱਫੜ ਵਿੱਚ ਵਿਚੋਲਾ।
ਸੱਠ ਸਾਲ ਦਾ ਬੁੜਾ ਸਹੇੜਿਆ,
ਮੈਂ ਸੀ ਨਰਮ ਪਟੋਲਾ।
ਦੇਖ ਕੇ ਜੋੜੀ ਨੂੰ,
ਧਰਤੀ ਖਾ ਗਈ ਡੋਲਾ।

ਕਈ ਵਾਰ ਭਤੀਜੀ ਦਾ ਜਨਮ ਹੋਣ ਤੇ ਭੂਆ ਨੂੰ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਭਰਾ ਦੇ ਆਪਣੇ ਘਰ ਕੁੜੀ ਹੋ ਗਈ ਹੈ ਇਸ ਲਈ ਉਸਦੀ ਘਰ ਵਿੱਚ ਪੁੱਛ ਗਿੱਛ ਘੱਟ ਗਈ ਹੈ ਅਤੇ ਕੁੜੀ ਜੰਮਣ ਕਰਕੇ ਭਰਾ-ਭਰਜਾਈ ਨੇ ਉਸਨੂੰ ਮਨੋ ਵਿਸਾਰ ਦਿੱਤਾ ਹੈ ਤਾਂ ਉਹ ਆਪ-ਮੁਹਾਰੇ ਬੋਲਾਂ ਵਿੱਚ ਕਹਿ ਉੱਠਦੀ ਹੈ **'ਧੀ ਜੰਮੀ, ਭੈਣ ਵਿਸਰੀ ਤੇ ਭੂਆ ਕੀਹਦੇ ਚਿੱਤ'** ਰਿਸ਼ਤੇ ਦੋ ਅਗਾਂਹ ਹੋਣ ਨਾਲ ਮਾਨਸਿਕ ਤੌਰ ਤੇ ਦੁਖੀ ਹੋਈ ਮਹਿਸੂਸ ਕਰਦੀ ਹੈ। ਵਧੇਰੇ ਕਰਕੇ ਭੂਆ ਅਤੇ ਭਤੀਜੀ ਦੇ ਦੁੱਖ-ਸੁੱਖ ਸਾਂਝੇ ਹੁੰਦੇ ਹਨ। ਕਿਉਂਕਿ ਪੇਕਿਆਂ ਦੇ ਘਰ ਨਾਲ ਦੋਹਾਂ ਦਾ ਮੋਹ ਭਰੇ ਰਿਸ਼ਤੇ ਦੀ ਇਕੋ ਜਿਹੀ ਸਾਂਝ ਹੁੰਦੀ ਹੈ। ਓਮ ਪ੍ਰਕਾਸ਼ ਗਾਸੋ ਆਪਣੇ ਸ਼ਬਦਾਂ ਵਿੱਚ ਹਰੇਕ ਦਾ ਮਹੱਤਵ ਆਪਣੇ ਸ਼ਬਦਾ ਰਾਹੀਂ ਬਿਆਨ ਕਰਦੇ ਹਨ।

ਹਰ ਰਿਸ਼ਤਾ ਸਮਾਜਿਕ ਜਿੰਦਗੀ ਦਾ ਅੰਗ ਬਣ ਕੇ ਧੜਕਦਾ ਹੈ। ਮਾਂ ਦੀ ਮਮਤਾ ਬਾਪ ਦਾ ਆਸ਼ੀਰਵਾਦ ਲੈਣ ਦਾ ਮੋਹ,ਭਰਾ ਆਸਰਾ, ਭੂਆ ਦਾ ਸੁੱਖਣਾ, ਤਾਈ ਦਾ ਤਿਉ ਅਤੇ ਸੱਸ ਦਾ ਸਿਰ ਤੇ ਹੱਥ ਰੱਖ ਦੇਣ ਨਾਲ ਰਿਸ਼ਤਿਆਂ ਦੀ ਉਮਰ ਲੰਮੀ ਹੀ ਨਹੀਂ ਸਗੋਂ ਉਨਾਂ ਵਿੱਚ ਸਭਿਆਚਾਰਕ ਸੁਗੰਧ ਵੀ ਭਰ ਜਾਂਦੀ ਹੈ।

ਪੰਜਾਬੀ ਲੋਕ-ਕਾਵਿ ਵਿੱਚ ਦਾਦਾ-ਦਾਦੀ, ਤਾਇਆ-ਤਾਈ, ਚਾਚੇ-ਚਾਚੀਆਂ ਅਤੇ ਭੂਆ ਦਾ ਰਿਸ਼ਤਾ ਅਦਬ ਸਤਿਕਾਰ ਦੇ ਧਾਰਨੀ ਰਿਸ਼ਤੇ ਹਨ। ਇਕਹਿਰੇ ਪਰਿਵਾਰਾਂ ਕਾਰਨ ਇਹਨਾਂ ਰਿਸ਼ਤਿਆਂ ਵਿੱਚ ਕੁੜੱਤਣ ਦੇ ਭਾਵ ਵਧੇਰੇ ਦਿਖਾਈ ਦੇਣ ਲੱਗ ਪਏ ਹਨ। ਪੂੰਜੀਵਾਦੀ ਯੁੱਗ ਹੋਣ ਕਾਰਨ ਹਰ ਰਿਸ਼ਤੇ ਤੱਕੜੀ ਵਿੱਚ ਤੁਲਣ ਲੱਗ ਪਿਆ ਹੈ ਤੇ ਸਾਰੇ ਰਿਸ਼ਤੇ ਮਤਲਬੀ ਰਹਿ ਗਏ ਹਨ।ਜਿਹੜੇ ਪਰਿਵਾਰਾਂ ਵਿੱਚ ਹਾਲੇ ਵੀ ਸਾਂਝ ਦੇ ਅੰਸ਼ ਪਏ ਹਨ ਉਹਨਾਂ ਨੂੰ ਨਿਖੜਨਾ ਸ਼ਾਇਦ ਸੰਭਵ ਨਹੀਂ ਹੋਵੇਗਾ।

**ਗਿੱਧੇ ਦੀਆਂ ਬੋਲੀਆਂ ਵਿੱਚ ਨਾਨਕੀ ਧਿਰ ਦੇ ਆਦਰਯੋਗ ਰਿਸ਼ਤੇ:-**

ਨਾਨਕੇ ਮਾਂ ਦੇ ਪੇਕੇ ਪਰਿਵਾਰ ਨਾਲ ਸੰਬੰਧਿਤ ਸਾਕਾਦਾਰੀ ਸੰਬੰਧ ਹਨ। ਨਾਨਕੇ ਪਰਿਵਾਰ ਦੇ ਰਿਸ਼ਤੇ ਵੀ ਬਹੁਤ ਮਹੱਤਵਪੂਰਨ ਹੁੰਦੇ ਹਨ। ਜੋ ਮਾਂ ਦੇ ਲਹੂ ਨਾਲ ਸਾਂਝ ਰੱਖਦੇ ਹਨ। ਮਾਂ ਦੇ ਲਹੂ ਨਾਲ ਸੰਬੰਧਿਤ ਰਿਸ਼ਤੇ ਭਾਵ ਮਾਂ ਦੇ

*Copyright © 2021, Scholarly Research Journal for Humanity Science & English Language*

ਮਾਤਾ-ਪਿਤਾ ਭੈਣ-ਭਰਾ ਬੱਚੇ ਦੀ ਪੈਦਾਇਸ਼ ਸਮੇਂ ਨਵਾਂ ਰਿਸ਼ਤਾ ਕਾਇਮ ਕਰਦੇ ਹਨ। ਮਾਂ ਦੇ ਮਾਤਾ-ਪਿਤਾ ਬੱਚੇ ਦੇ ਨਾਨਾ-ਨਾਨੀ, ਮਾਂ ਦਾ ਭਰਾ ਮਾਮਾ ਮਾਂ ਨਾਲੋਂ ਵੱਡਾ ਹੋਵੇ ਜਾਂ ਛੋਟਾ ਤੇ ਭੈਣ ਮਾਸੀ ਸ਼ਬਦ ਨਾਲ ਸੰਬੋਧਿਤ ਹੁੰਦੇ ਹਨ। ਨਾਨਾ-ਨਾਨੀ ਆਪਣੇ ਦੋਹਤਿਆਂ ਨਾਲ ਅੰਤਾਂ ਦਾ ਪਿਆਰ ਕਰਦੇ ਹਨ।ਉਹਨਾਂ ਨੂੰ ਦੋਹਤੇ-ਦੋਹਤੀਆਂ ਵਿੱਚੋਂ ਆਪਣੀ ਧੀ ਦਾ ਮੁੱਖ ਦਿੱਸਦਾ ਹੈ ਅਤੇ ਆਪਣੀ ਧੀ ਦੇ ਲਹੂ ਦੀ ਮਹਿਕ ਆਉਂਦੀ ਹੈ। ਨਾਨਕਿਆਂ ਲਈ ਦੋਹਤੇ ਲਾਡਲੇ ਹੋਣ ਕਰਕੇ ਸ਼ਰਾਰਤੀ ਹੁੰਦੇ ਹਨ ਅਤੇ ਦੋਹਤੀਆਂ ਸਾਊ ਹੁੰਦੀਆਂ ਹਨ। ਨਾਨਕੇ ਆਪਣੇ ਦੋਹਤੇ ਦੋਹਤੀ ਦੀ ਹਰ ਇੱਛਾ ਪੂਰੀ ਕਰਦੇ ਹਨ। ਨਾਨਕੇ ਪਰਿਵਾਰ ਬਾਰੇ ਡਾ. ਸੁਰਿੰਦਰ ਸਿੰਘ ਬੇਦੀ ਦੇ ਸ਼ਬਦਾਂ ਵਿੱਚ ਕਹੀਏ ਤਾਂ ਨਾਨਕੇ ਘਿਰ ਅੰਦਰ ਮਾਂ ਦੀ ਆਦਰ ਦਾ ਨਿੱਘ ਹੁੰਦਾ ਹੈ।

ਮਾਮੇ ਦਾ ਰਿਸ਼ਤਾ ਬਹੁਤ ਹੀ ਸਤਿਕਾਰਯੋਗ ਰਿਸ਼ਤਾ ਹੁੰਦਾ ਹੈ। ਸਾਕਾਦਾਰੀ ਦਾ ਸਭ ਤੋਂ ਵਧੇਰੇ ਅਹਿਮ ਅੰਗ ਮੰਨਿਆ ਗਿਆ ਹੈ। ਮਾਂ ਦਾ ਭਰਾ ਹੋਣ ਦੇ ਮਾਣ ਦੇ ਨਾਲ-ਨਾਲ ਬੱਚਿਆਂ ਦਾ ਮਾਮਾ ਹੋਣਾ ਹੋਰ ਵੀ ਮਾਣ ਭਰਿਆ ਸਾਕਾਦਾਰੀ ਸੰਬੰਧ ਹੈ। ਮਾਮਾ ਮਾਂ ਦੇ ਸਾਰੀ ਉਮਰ ਦੇ ਪੇਕੇ ਹੁੰਦੇ ਹਨ। ਮਾਸੀ ਮਾਂ ਜੈਸੀ ਭਾਵ ਮਾਂ ਦੀ ਭੈਣ, ਮਾਂ ਵਰਗੀ ਹੀ ਹੁੰਦੀ ਹੈ ਪਰ ਮਾਸੀ ਮਾਮੇ ਦੀ ਤਰ੍ਹਾਂ ਨਾਨਕੇ ਘਰ ਨਹੀਂ ਰਹਿੰਦੀ ਵਿਆਹ ਕੇ ਆਪਣੇ ਘਰ ਚਲੀ ਜਾਂਦੀ ਹੈ। ਮਾਸੀ ਤੇ ਬੱਚਿਆਂ ਦਾ ਅਧਿਕਾਰ ਮਾਮੇ ਦੇ ਨਾਲੋਂ ਘੱਟ ਹੁੰਦਾ ਹੈ। ਮਾਮੇ ਨਾਲ ਬੱਚਿਆਂ ਦਾ ਬਹੁਤ ਜਿਆਦਾ ਪਿਆਰ ਹੁੰਦਾ ਹੈ। ਮਾਮਾ ਬੱਚਿਆਂ ਦੀਆਂ ਸਾਰੀਆਂ ਆਸਾਂ ਪੂਰੀਆਂ ਕਰਦਾ ਹੈ। ਮਾਮੇ ਦੇ ਵਿਆਹੇ ਜਾਣ ਤੇ ਮਾਮੀ ਦਾ ਰਿਸ਼ਤਾ ਹੋਂਦ ਵਿੱਚ ਆਉਂਦਾ ਹੈ। ਮਾਮੀ ਵੀ ਬੱਚਿਆਂ ਨਾਲ ਮਾਮੇ ਵਾਂਗ ਹੀ ਪਿਆਰ ਕਰਦੀ ਹੈ ਪਰ ਜਦੋਂ ਮਾਮੀ ਮਾਂ ਬਣ ਜਾਂਦੀ ਹੈ ਤਾਂ ਉਸ ਦਾ ਆਪਣਾ ਬੱਚਾ ਹੋ ਜਾਂਦਾ ਹੈ ਜਿਸ ਕਰਕੇ ਮਾਮੀ ਦਾ ਵਿਵਹਾਰ ਥੋੜ੍ਹਾ ਬਦਲ ਜਾਂਦਾ ਹੈ। ਕਿਉਂਕਿ ਮਾਮੀ ਮਾਂ ਦੀ ਨਣਦ ਵੀ ਹੈ ਤੇ ਨਣਦ ਭਰਜਾਈ ਦਾ ਰਿਸ਼ਤਾ ਵਧੇਰੇ ਕਰਕੇ ਤਣਾਉ ਦੇ ਭਾਵ ਉਜਾਗਰ ਕਰਦਾ ਹੈ। ਮਾਮੇ-ਭਾਣਜੇ ਦੇ ਰਿਸ਼ਤੇ ਵਿੱਚ ਤਣਾਅ ਦੇ ਭਾਵ ਘੱਟ ਪੈਦਾ ਹੋਣ ਦੀ ਸੰਭਾਵਨਾ ਹੁੰਦੀ ਹੈ ਕਿਉਂਕਿ ਮਾਮਾ ਆਪਣੀ ਭੈਣ ਦੇ ਬੱਚਿਆਂ ਲਈ ਡਾਢੇ ਮੋਹ ਦਾ ਧਾਰਨੀ ਰਿਸ਼ਤਾ ਹੈ। ਮਾਮੇ ਭਾਣਜੇ ਦੇ ਵਿੱਚ ਦੋਸਤਾਂ ਵਾਲਾ ਰਿਸ਼ਤਾ ਹੁੰਦਾ ਹੈ। ਮਾਮੇ ਭਾਣਜੇ ਦੇ ਸਾਕਾਦਾਰੀ ਸੰਬੰਧਾਂ ਬਾਰੇ ਡਾ. ਜਸਵਿੰਦਰ ਸਿੰਘ ਆਪਣੇ ਸ਼ਬਦਾਂ ਵਿੱਚ ਬਿਆਨਦੇ ਹੋਏ ਲਿਖਦੇ ਹਨ।

ਮਾਮਾ ਭਾਣਜਾ ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਦੇ ਰਿਸ਼ਤਿਆਂ ਵਿਚੋਂ ਅਜਿਹਾ ਰਿਸ਼ਤਾ ਹੈ ਜੋ ਕੁਝ ਸਥਿਤੀਆਂ ਵਿੱਚ ਪਿਓ-ਪੁੱਤਰ ਦੇ ਰਿਸ਼ਤੇ ਨਾਲੋਂ ਵੀ ਵਧੇਰੇ ਮਹੱਤਵਪੂਰਨ ਅਤੇ ਨਿਕਟਵਰਤੀ ਮੰਨਿਆ ਜਾਂਦਾ ਹੈ। ਮਾਮੇ ਨੂੰ ਭਾਣਜੇ ਉੱਪਰ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ, ਜਿਹੜੇ ਮਾਤਾ-ਸਾਕ-ਸੰਬੰਧ ਦੇ ਕੇਂਦਰੀ ਹੋਣ ਕਰਕੇ ਵਧੇਰੇ ਮਹੱਤਤਾ ਪ੍ਰਾਪਤ ਕਰਦੇ ਹਨ :-

“ਮਾਮਾ ਭਾਣਜੇ ਦੇ ਜੀਵਨ ਦੇ ਸਾਰੇ ਮਹੱਤਵਪੂਰਨ ਸਮਿਆਂ ਤੇ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ ਖਾਸ ਕਰਕੇ ਵਿਆਹ ਦੇ ਰਿਤੀ-ਰਿਵਾਜਾਂ ਵੇਲੇ।”

*Copyright © 2021, Scholarly Research Journal for Humanity Science & English Language*

ਧੀ ਮਾਂ ਨੂੰ ਅਰਜੋਈ ਕਰਦੀ ਹੈ ਕਿ ਇੱਕ ਰਾਤ ਹੋਰ ਬਾਬਲ ਦੇ ਘਰ ਠਹਿਰਨ ਦੇ ਜੋ ਕਿ ਉਸ ਸਮੇਂ ਸੰਭਵ ਤਾਂ ਨਹੀਂ ਹੋ ਸਕਦਾ ਪਰ ਵਿਯੋਗ ਦੀ ਪੀੜਾ ਨੂੰ ਗਿੱਧੇ ਦੀਆਂ ਬੋਲੀਆਂ ਰਾਹੀਂ ਹੋਰ ਡੂੰਘਿਆਂ ਕਰਦੀ ਜਾਂਦੀ ਹੈ।

**ਅੱਜ ਦੀ ਦਿਹਾੜੀ ਰੱਖ ਲੈ ਨੀ ਮਾਂ, ਰਹਾ ਬਾਪ ਦੀ ਬਣ ਕੇ ਗੋਲੀ ਨੀ ਮਾਂ।**

ਧੀ ਦੀ ਡੋਲੀ ਤੋਰਨ ਸਮੇਂ ਵਿਯੋਗਮਈ ਮਾਹੌਲ ਹੌਲੀ ਹੌਲੀ ਨਾਨਕੇ ਦਾਦਕੇ ਨਿਕਲਣ ਲਈ ਗਿੱਧੇ ਦਾ ਪਿੜ ਬੰਨਿਆ ਜਾਂਦਾ ਹੈ ਜਿਸ ਵਿੱਚ, ਧੀ, ਭੈਣ, ਸਹੇਲੀ ਦੇ ਵਿਛੜਨ ਦੀਆਂ ਬੋਲੀਆਂ ਦਾ ਮਾਹੌਲ ਵਧੇਰੇ ਭਾਰੂ ਹੁੰਦਾ ਹੈ। (**ਬੱਲੇ, ਬਾਪ ਨੇ ਧੀ ਤੋਰੀ, ਚਾਰੇ ਖੂੰਜੇ ਹੱਲੇ**)। ਡੋਲੀ ਵਿਦਾ ਹੋਣ ਤੋਂ ਬਾਅਦ ਕੁੜੀ ਦਿਆਂ ਸਹੇਲੀਆਂ ਆਪਣੀ ਵਿਛੜੀ ਸਹੇਲੀ ਦੇ ਵਿਛੋੜੇ ਨੂੰ ਇੱਕ ਭੂੰਜ ਦੇ ਪ੍ਰਤੀਕ ਵਜੋਂ ਵਰਤਦੀਆਂ ਹੋਈਆਂ ਡੋਲੀ ਵਿਦਾ ਹੋਣ ਤੇ ਪਾਏ ਜਾਣ ਵਾਲੇ ਗਿੱਧੇ ਦੀ ਬੋਲੀ ਪਾਉਂਦੀਆਂ ਹਨ। (**ਕੂੰਜਾਂ ਵਿੱਚ ਕੂੰਜ ਵਿਛੜੀ, ਅੱਜ ਵਿਛੜੀ ਸਹੇਲੀ ਮੇਰੀ**)। ਵਿਆਹ ਦੇ ਸਮੇਂ ਦਾਦਕੇ ਘਰ ਦੀ ਸ਼ਮੂਲੀਅਤ ਦੇ ਨਾਲ-ਨਾਲ ਨਾਨਕਿਆਂ ਦਾ ਵਿਸ਼ੇਸ਼ ਮਹੱਤਵ ਹੈ।, ਨਾਨਕਾ ਮੇਲ ਵਿਆਹ ਤੋਂ ਇੱਕ ਦਿਨ ਪਹਿਲਾਂ ਦਾਦਕੇ ਘਰ ਪਹੁੰਚਦਾ ਹੈ। ਨਾਨਕੇ ਮੇਲ ਦੀਆਂ ਮੇਲਣਾ ਬੰਬੀਹਾ ਬੁਲਾਉਂਦੀਆਂ ਹੋਈਆਂ ਵਿਆਹ ਵਾਲੇ ਘਰ ਦੇ ਅੰਦਰ ਆਉਂਦੀਆਂ ਹਨ।

ਨਾਨਕੇ ਮੇਲ ਦੇ ਵਿਆਹ ਵਾਲੇ ਘਰ ਪਹੁੰਚਣ ਦਾ ਦ੍ਰਿਸ਼ ਡਾ. ਨਾਹਰ ਸਿੰਘ ਪੇਸ਼ ਕਰਦੇ ਹੋਏ ਲਿਖਦੇ ਹਨ।

ਆਉਂਦੀਏ ਕੁੜੀਏ ਜਾਂਦੀਏ ਕੁੜੀਏ
ਲਾਹ ਕਿੱਕਰਾਂ ਤੋਂ ਛਾਪੇ
ਆ ਜਾ ਧੀਏ ਸਰਦਲ ਤੇ
ਤੇਲ ਚੋ ਨੀ ਆਏ ਨੇ ਤੇਰੇ
ਮਾਪੇ ਨੀ ਆ ਜਾ ਧੀਏ.....।

ਵਿਆਹ ਤੋਂ ਇਕ ਦਿਨ ਪਹਿਲਾਂ ਨਾਨਕਾ ਮੇਲ ਪੁੱਜਣ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾਂਦੀ ਹੈ। ਕਿਉਂਕਿ ਵਿਆਹ ਵਿੱਚ ਨਾਨਕਿਆਂ ਦਾ ਮਹੰਤਵ ਹੁੰਦਾ ਹੈ। ਜਦੋਂ ਨਾਨਕਾ ਮੇਲ ਦੇ ਪੁੱਜਣ ਦੀ ਖਬਰ ਬੜੀ ਤੇਜ਼ੀ ਨਾਲ ਆ ਕੇ ਕੋਈ ਵਿਆਹ ਵਾਲੇ ਘਰ ਦਿੰਦਾ ਹੈ ਕਿ ਫਲ੍ਹਾਣੇ ਥਾਂ ਤੇ ਨਾਨਕਾ ਮੇਲ ਗੱਡੇ ਉੱਤੇ ਜਾਂ ਟਰਾਲੀ ਉੱਤੇ ਆ ਰਿਹਾ ਹੈ ਤਾਂ ਸ਼ਰੀਕੇ ਭਾਈਚਾਰੇ ਵਿੱਚ ਇਹ ਖਬਰ ਧੁੰਮ ਜਾਂਦੀ ਹੈ। ਸਭ ਔਰਤਾਂ ਕੁੜੀਆਂ ਵਹੁਟੀਆਂ ਕੱਠੀਆ ਹੋ ਕੇ ਚਾਅ ਨਾਲ ਵਿਆਹ ਵਾਲੇ ਘਰ ਦੀਆਂ ਬਰੂਹਾਂ ਮੱਲ ਕੇ ਖੜੋ ਜਾਂਦੀਆਂ ਹਨ। ਉਧਰੋ ਨਾਨਕੀਆਂ ਵੀ ਬੜੇ ਧਮਾਕੇ ਨਾਲ ਆ ਹਾਜ਼ਰ ਹੁੰਦੀਆਂ ਹਨ। ਨਾਨਕੀਆਂ ਤੇ ਦਾਦਕੀਆਂ ਦੇ ਗਾਉਣ ਮੁਕਾਬਲੇ ਦਾ ਰੰਗਾਰੰਗ ਦ੍ਰਿਸ਼ ਦੇਖਣ ਵਾਲਾ ਹੁੰਦਾ ਹੈ। ਵਿਆਹ ਰਸਮਾਂ ਵਿੱਚ ਵੀ ਸ਼ਾਤ ਦੀ ਰਸਮ, ਜਾਗੋ ਰਸਮ, ਨਾਈ ਧੋਈ ਦੀ ਰਸਮ ਵਰਗੀਆਂ ਮਹੱਤਵਪੂਰਨ ਰਸਮਾਂ

*Copyright © 2021, Scholarly Research Journal for Humanity Science & English Language*

ਨਾਨਕੀ ਧਿਰ ਤੋਂ ਬਗੈਰ ਅਧੂਰੀਆਂ ਮੰਨੀਆਂ ਜਾਂਦੀਆਂ ਹਨ। ਇਹਨਾਂ ਵਿੱਚ ਪ੍ਰਮੁੱਖ ਮਾਮਾ ਰਸਮ 'ਸ਼ਾਤ ਦੀ ਰਸਮ' ਕਰਵਾਉਦਾ ਹੈ। ਅਰਥਾਤ ਵਿਆਹ ਵਿੱਚ ਸ਼ਾਤੀ ਦੀ ਪ੍ਰਾਰਥਨਾ ਕਰਦਾ ਹੈ ਤਾਂ ਕਿ ਵਿਆਹ ਦੇ ਸਮੇਂ ਕਿਸੇ ਕਿਸਮ ਦਾ ਖਲਲ ਪੈਦਾ ਨਾ ਹੋਵੇ। ਇਹ ਰਸਮਾਂ ਸਿਰਫ ਨਾਨਕੀ ਧਿਰ ਦਾ ਮਾਮਾ ਹੀ ਨਿਭਾਅ ਸਕਦਾ ਹੈ ਇਸਦੀ ਪ੍ਰਵਾਨਗੀ ਦਾਦਕੀ ਧਿਰ ਨੂੰ ਪ੍ਰਾਪਤ ਨਹੀਂ ਹੁੰਦੀ। ਗਿਆਨੀ ਗੁਰਦਿੱਤ ਸਿੰਘ ਨਾਨਕੇ ਮੇਲ ਦੁਆਰਾ ਵਿਆਹ ਵਿੱਚ ਭਰੇ ਜਾਂਦੇ ਰੰਗੀਨ ਮਾਹੌਲ ਬਾਰੇ ਲਿਖਦੇ ਹਨ:

ਵਿਆਹ ਵਿੱਚ ਨਾਨਕੇ ਮੇਲ ਦਾ ਰੰਗ, ਬਹੁਤ ਰੰਗੀਨ ਹੁੰਦਾ ਹੈ। ਕਿਉਂਕਿ ਨਾਨਕਿਆਂ ਦਾ ਕੁੜੀ ਦੇ ਵਿਆਹ ਵਿੱਚ ਵਧਵਾ ਹਿੱਸਾ ਹੈ। ਵਿਆਹ ਵਿੱਚ ਜਦੋਂ ਵੀ ਨਾਨਕਿਆਂ ਦਾ ਸਿਰੇ ਦੇ ਸਾਕ ਸੰਬੰਧੀਆਂ ਦੇ ਮੇਲ ਦੇ ਇਕੱਠ ਹੋਣ ਦਾ ਨਜ਼ਾਰਾ ਬੱਝਦਾ ਹੈ। ਮੁਹਾਵਰਾ ਹੈ: ਜਦੋਂ ਕਈ ਕੁੜੀਆਂ ਮੁੰਡੇ ਖੜਮਸਤੀਆਂ ਕਰਨ ਜਾਂ ਇਕੱਠੇ ਹੋ ਕੇ ਕਿਸੇ ਪਾਸੇ ਵੱਲ ਜਾਣ-ਲੋਕ ਕਹਿੰਦੇ ਨੇ, 'ਇਹ ਨਾਨਕ ਮੇਲ ਕਿਧਰ ਨੂੰ ਚੱਲਿਐ ਬਈ। ਇਸ ਢੋਲ ਮੇਲ ਨੂੰ ਨਾਨਕਾ ਮੇਲ 'ਨਾਨਕਾ ਛੱਕ' ਦਾ ਨਾਂ ਦੇ ਲਿਆ ਜਾਂਦਾ ਹੈ।"

ਵਿਆਹ ਦੇ ਮੌਕੇ ਤੇ ਨਾਨਕਿਆਂ ਦਾ ਗਿੱਧਾ ਸਭ ਤੋਂ ਵਧੇਰੇ ਮਹੱਤਵ ਰੱਖਦਾ ਹੈ। ਨਾਨਕਿਆਂ ਵਲੋਂ ਆਈਆਂ ਮਾਮੀਆਂ ਤੇ ਮਾਸੀਆਂ ਦਾ ਵਿਆਹ ਦੇ ਗਿੱਧੇ ਵਿੱਚ ਵਿਸ਼ੇਸ਼ ਸਥਾਨ ਹੁੰਦਾ ਹੈ। ਨਾਨਕੇ ਗਿੱਧਾ ਪਾ ਕੇ ਪੂਰੀ ਰੌਣਕ ਲਾਉਂਦੇ ਹਨ। ਨਾਨਕ ਛੱਕ ਸਮੇਂ ਦੋਹਤੇ ਦੋਹਤੀ ਦੇ ਵਿਆਹ ਵਿੱਚ ਮਾਮੇ-ਮਾਮੀਆਂ ਤੇ ਮਾਸੀਆਂ ਦੀ ਪੁੱਛ ਪ੍ਰਤੀਤ ਵਧੇਰੇ ਹੁੰਦੀ ਹੈ।

ਵੱਡੀ ਮਾਮੀ ਜੈਲਦਾਰਨੀ ਦੇ ਨਾਂ ਨਾਲ ਸੰਬੰਧਿਤ ਹੁੰਦੀ ਹੈ। ਜਾਗੋ ਦੇ ਗਿੱਧੇ ਵਿੱਚ ਮਾਮੀ ਦੀ ਮੜਕ ਦੀ ਪ੍ਰਮੁੱਖ ਭੂਮਿਕਾ ਹੁੰਦਾ ਹੈ। ਨਾਨਕ ਛੱਕ ਸਮੇਂ ਗਿੱਧਾ ਪਾਉਣ ਤੇ ਨੱਚਣ ਵਾਲੀਆਂ ਕੁੜੀਆਂ ਨੂੰ ਮੇਲ ਵਿੱਚ ਲੈ ਕੇ ਜਾਂਦੇ ਸਨ ਤਾਂ ਕਿ ਗਿੱਧੇ ਵਿੱਚ ਕਿਤੇ ਹਾਰ ਨਾ ਹੋ ਜਾਵੇ। ਗਿੱਧੇ ਵਿਚ ਨੱਚ ਨੱਚ ਕੇ ਧੂੰਮਾ ਮਾਮੀ ਹੀ ਪਾਉਂਦੀ ਹੈ। ਦਾਦਕਿਆਂ ਵਿੱਚੋਂ ਮਾਮੀ ਦੀ ਤਾਰੀਫ਼ ਵਿੱਚ ਬੋਲੀ ਪਾਈ ਜਾਂਦੀ ਹੈ।

ਕੱਲ ਦਾ ਆਇਆ ਮੇਲ ਸੁਣੀਂਦਾ
ਸੁਰਮਾ ਸਭ ਨੇ ਪਾਇਆ
ਬਈ ਗਹਿਣੇ ਗੱਟੇ ਸਭ ਦੇ ਸੋਂਹਦੇ
ਵਿਆਹੁਲਾ ਰੰਗ ਵਟਾਇਆ
ਮੁੰਡੇ ਦੀ ਮਾਮੀ ਨੇ ਗਿੱਧਾ
ਖੂਬ ਰਚਾਇਆ............

*Copyright © 2021, Scholarly Research Journal for Humanity Science & English Language*

ਦਾਦਕੀਆਂ ਨਾਨਕੀਆਂ ਦਾ ਗਿੱਧਾ ਭਰ ਜ਼ੋਬਨ ਤੇ ਪਹੁੰਚ ਕੇ ਮੁਕਾਬਲੇ ਦਾ ਰੂਪ ਧਾਰਨ ਕਰ ਲੈਂਦਾ ਹੈ। ਦਾਦਕੀਆਂ ਮਾਮੀ ਨੂੰ ਟੋਕਾਂ ਕਰਦੀਆਂ ਗਿੱਧੇ ਦੇ ਪਿੜ ਵਿੱਚ ਨੱਚਣ ਲਈ ਬੋਲੀਆਂ ਪਾਉਂਦੀਆਂ ਹਨ ਜਿਵੇਂ:

ਤੂੰ ਨੱਚ ਤੂੰ ਨੱਚ ਮੁੰਡੇ ਦੀ ਮਾਮੀ
ਲਾਗੀਆਂ ਨੂੰ ਲਾਗ ਦੁਆ ਦੇ
ਜੇ ਤੇਰੇ ਕੋਲ ਪੈਸਾ ਹੈਨੀ
ਘੱਗਰੀ ਦੀ ਵੇਲ ਕਰਾ ਦੇ

ਵਿਆਹ ਸਮੇਂ ਨਾਨਕੇ ਮੇਲ ਵਿੱਚ ਮਾਂ ਦੇ ਪੇਕਿਆਂ ਤੋਂ ਪਿਉ ਦੀ ਬਰਾਦਰੀ ਵਿਚੋਂ ਮਾਂ ਦੇ ਤਾਏ-ਚਾਚੇ ਤੇ ਉਹਨਾਂ ਦੇ ਬੱਚੇ ਵੀ ਸ਼ਾਮਲ ਹੁੰਦੇ ਹਨ।"ਵਿਆਹ ਸਮੇਂ ਇਹ ਸਾਰਾ ਸ਼ਰੀਕਾ 'ਨਾਨਕਾ ਮੇਲ' ਬਣ ਕੇ ਆਉਂਦਾ ਹੈ। 'ਨਾਨਕਾ ਮੇਲ' ਪੰਜਾਬੀ ਸਭਿਆਚਾਰ ਵਿੱਚ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ। ਕੁੜੀ ਮੁੰਡੇ ਦੇ ਵਿਆਹ ਉੱਤੇ ਇਸ 'ਮੇਲ' ਦੀ ਨਿਵੇਕਲੀ ਪਛਾਣ ਹੁੰਦੀ ਹੈ।"

ਜੇਕਰ ਨਾਨਕੀਆਂ ਨੂੰ ਨੱਚਣਾ ਨਾ ਆਉਂਦਾ ਹੋਵੇ ਤਾਂ ਫਿਰ ਦਾਦਕੀਆਂ ਨਾਨਕੀਆਂ ਦੀ ਪੂਰੀ ਪੱਤ ਉਧੇੜਦੀਆਂ ਹਨ। ਡਾ. ਨਾਹਰ ਸਿੰਘ ਦੇ ਸ਼ਬਦਾਂ ਵਿੱਚ ਦਾਦਕੀਆਂ ਵਲੋਂ ਨਾਨਕੀਆਂ ਦੀ ਰੜ੍ਹੇ ਭੰਬੀਰੀ ਦੇ ਬੋਲ ਹਨ:

ਕੱਲ੍ਹ ਦਾ ਆਇਆ ਮੇਲ ਨਾਨਕਾ
ਚੱਬ ਗੀਆ ਨੌ ਮਣ ਛੋਲੇ
ਇਨ੍ਹਾਂ ਨਾਨਕੀਆਂ ਦੀ
ਰੜੇ ਟਟੀਹਰੀ ਬੋਲੇ
ਇਨ੍ਹਾਂ ਨਾਨਕੀਆਂ ਦੇ
ਮੂੰਹ ਚੋੜੇ ਢਿੱਡ ਪੋਲੇ
ਨੱਚਣਾ ਨਾ ਆਵੇ
ਬੰਨ੍ਹ ਕੇ ਆ ਗੀਆ ਟੋਲੇ
ਨੱਚਣਾ ਨਾ ਆਵੇ.....।

ਵਿਆਹ ਦੇ ਮੌਕੇ ਤੇ ਜਾਗੋ ਕੱਢੀ ਜਾਂਦੀ ਹੈ ਕਿਉਂਕਿ ਵਿਆਹ ਦੇ ਸਮੇਂ ਘਰ ਜਵਾਨ ਮੁੰਡੇ ਕੁੜੀਆਂ ਇਕੱਠੇ ਹੋਏ ਹੁੰਦੇ ਹਨ ਤੇ ਉਹਨਾਂ ਨੂੰ ਕਿਸੇ ਸਮਾਜਿਕ ਅਵੱਗਿਆ ਤੋਂ ਰੋਕਣ ਲਈ ਇਕ ਜੁਗਤ ਮਾਤਰ ਹੈ ਤਾਂ ਜ਼ੋ ਹਾਸੇ ਠੱਠੇ ਵਿੱਚ ਸਮਾ ਗੁਜ਼ਾਰਿਆ ਜਾ ਸਕੇ। ਜਾਗੋ ਦਾ ਮਤਲਬ ਪੂਰੀ ਰਾਤ ਜਾਗਦੇ ਰਹਿਣਾ ਤਾਂ ਕਿ ਵਿਆਹ ਵਾਲੇ ਘਰ ਹਰ ਇਕ ਨੂੰ

*Copyright © 2021, Scholarly Research Journal for Humanity Science & English Language*

ਪਤਾ ਹੁੰਦਾ ਹੈ ਕਿ ਨਾਨਕ ਛੱਕ ਦੇ ਕੱਪੜੇ, ਕੀਮਤੀ ਗਹਿਣੇ ਹੁੰਦੇ ਹਨ ਤੇ ਇਸ ਬਚਾਅ ਲਈ ਕੋਈ ਚੋਰ ਲੁਟੇਰੇ ਰਾਤ ਨੂੰ ਨੁਕਸਾਨ ਨਾ ਪਹੁੰਚਾ ਸਕਣ। ਜਾਗੋ ਦੇ ਗਿੱਧੇ ਵਿੱਚ ਛੱਜ਼ ਕੁੱਟਣਾ ਸਭ ਤੋਂ ਵਧੇਰੇ ਮਹੱਤਵਪੂਰਨ ਰਸਮ ਹੈ। ਛੱਜ਼ ਕੁਟਣ ਦੀ ਰਸਮ ਅਰਥਾਤ ਦਾਦਕਿਆਂ ਨੂੰ ਛੱਜ਼ ਵਿੱਚ ਪਾ ਕੇ ਛੰਡਣਾ ਹੈ ਭਾਵ ਦਾਦਕਿਆਂ ਦੀ ਭੰਡੀ ਕਰਨੀ :-

ਵਿਆਹ ਵਿੱਚ ਨਾਨਕਿਆਂ ਦੇ ਗਿੱਧੇ ਦੀ ਬੜੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ। ਕਿਉਂਕਿ ਮੁੰਡਿਆਂ-ਖੁੰਡਿਆਂ ਨੂੰ ਵੀ ਇਹ ਗਿੱਧਾ ਵੇਖਣ ਦੀ ਹੀ ਖੁੱਲ ਹੁੰਦੀ ਹੈ। ਮੱਛਰੀਆਂ ਹੋਈਆਂ ਨਾਨਕੀਆ ਖੂਬ ਤਮਾਸ਼ੇ ਕਰਦੀਆਂ ਹਨ। ਤਣੀ ਚੜ੍ਹੀ 'ਚ ਦਾਦਕੇ ਨਾਨਕੀਆਂ ਨੂੰ ਖੂਬ ਟਿੱਚਰਾਂ ਕਰਦੇ ਹਨ ਪਰ ਉਹ ਸਭ ਨੂੰ ਟੁੱਕ ਤੇ ਡੇਲਾ ਜਾਣਦੀਆਂ ਹੋਈਆਂ ਅੱਗੋ ਐਸਾ ਜੁਆਬ ਦਿੰਦੀਆਂ ਹਨ। ਕਿ ਸਭ ਠੰਡੇ ਸੀਲੇ ਹੋ ਜਾਂਦੇ ਹਨ।"

ਪੰਜਾਬੀ ਸਭਿਆਚਾਰ ਵਿੱਚ ਹਰ ਰਿਸ਼ਤੇ ਨਾਲ ਸੰਬੰਧਤ ਬੋਲੀਆ ਮਿਲਦੀਆਂ ਹਨ ਜੋ ਰਿਸ਼ਤੇ ਦੀ ਮਿਠਾਸ ਤੇ ਕੁੜਤਨ ਨੂੰ ਬਿਆਨ ਕਰਦੀਆਂ ਹਨ। ਪੰਜਾਬੀ ਸਭਿਆਚਾਰ ਵਿੱਚ ਹਰ ਰਿਸ਼ਤੇ ਦਾ ਵੱਖਰਾ ਨਾਂ ਅਤੇ ਮਹੱਤਵ ਹੈ, ਜਨਮ ਵਿਆਹ ਅਤੇ ਇਥੋ ਤੱਕ ਮਰਨ ਸਮੇਂ ਵੀ ਹਰੇਕ ਰਿਸ਼ਤੇਦਾਰ ਦੇ ਫਰਜ਼ ਸਪੱਸ਼ਟ ਨਿਰਧਾਰਿਤ ਹੁੰਦੇ ਹਨ। ਹਰੇਕ ਰਿਸ਼ਤੇ ਦੀ ਆਪਣੀ ਵੱਖਰੀ ਮਿਠਾਸ ਅਤੇ ਰਸ ਹੈ। ਨਾਨਕੇ ਇਸ ਕਰਕੇ ਚੰਗੇ ਲੱਗਦੇ ਹਨ ਕਿਉਂਕਿ ਉਹਨਾਂ ਵਿੱਚ ਮਾਂ ਦੀ ਅਂਦਰ ਦਾ ਨਿੱਘ ਦਾ ਅਹਿਸਾਸ ਹੈ ਜਿਸ ਵਿੱਚੋ ਪਿਆਰ ਤੇ ਸਤਿਕਾਰ ਦੇ ਭਾਵ ਉਜਾਗਰ ਹੁੰਦੇ ਹਨ। ਮਨੁੱਖ ਨੂੰ ਮਾਨਸਿਕ ਤਸੱਲੀ ਤੇ ਸ਼ਕਤੀ ਸਾਂਝੇ ਪਰਿਵਾਰ ਵਿਚੋਂ ਹੀ ਮਿਲਦੀ ਹੈ। ਨਾਨਕੇ ਅਤੇ ਦਾਦਕੇ ਪੰਜਾਬੀ ਰਿਸ਼ਤਾ ਪ੍ਰਣਾਲੀ ਦਾ ਧੁਰਾ ਹੁੰਦੇ ਹਨ। ਜੇ ਦੰਪਤੀ ਜੀਵਨ ਪੁਰਸ਼ ਸੰਬੰਧਾਂ ਉੱਤੇ ਆਧਾਰਤ ਹੈ ਤਾ ਨਾਨਕੇ ਦਾਦਕੇ ਕ੍ਰਮਵਾਰ ਇਸ ਪੁਰਸ਼ ਸੰਬੰਧਾਂ ਦੀ ਹੀ ਪ੍ਰਤੀਨਿਧਤਾ ਕਰਦੇ ਹਨ।

ਕਿਉਂਕਿ ਨਾਨਕੇ ਮਾਂ ਦੇ ਪੇਕੇ ਅਤੇ ਦਾਦਕੇ ਪਿਓ ਦੇ ਪੇਕੇ ਹੁੰਦੇ ਹਨ। ਪੇਕੇ ਤੋਂ ਭਾਵ ਪਿਓ ਦਾ ਘਰ। ਦਾਦਕੇ ਪੁੱਤਰ ਵਾਲੀ ਧਿਰ ਹੋਣ ਕਾਰਨ ਪ੍ਰਾਥਮਿਕ ਸਥਾਨ ਰੱਖਦੇ ਹਨ। ਪਰੰਤੂ ਇਹਨਾਂ ਰਿਸ਼ਤਿਆਂ ਦੀ ਅੰਤਰ ਨਿਰਭਰਤਾ ਅਤੇ ਦਵੰਦਾਤਮਿਕਤਾ ਦਿਲਚਸਪ ਹੁੰਦੀ ਹੈ। ਉਂਝ ਤਾਂ ਦੋਵੇਂ ਧਿਰਾਂ ਆਪੋ ਆਪਣੀ ਥਾਂ ਸੁਖੀ ਵਸਦੀਆਂ ਅਤੇ ਇਕ ਦੂਜੀ ਧਿਰ ਦਾ ਸੁਖ ਲੋਚਦੀਆਂ ਹਨ ਪਰੰਤੂ ਜਿਥੇ ਕਿਤੇ ਇਹਨਾਂ ਧਿਰਾਂ ਦੀ ਇੱਕਠੀ ਸ਼ਮੂਲੀਅਤ ਹੁੰਦੀ ਏ ਹਾਂ ਦੋਵਾਂ ਧਿਰਾਂ ਵਿੱਚ ਟਕਰਾਅ ਦੀ ਸਥਿਤੀ ਦੇਖਣ ਨੂੰ ਮਿਲਦੀ ਹੈ। ਨਾਨਕੇ ਦਾਦਕੇ ਧਿਰ ਦਾ ਅੰਤਰ ਵਿਰੋਧ ਭਾਵੇਂ ਜਿੰਦਗੀ ਦੇ ਹਰੇਕ ਪੜਾਅ ਤੇ ਚੱਲਦਾ ਰਹਿੰਦਾ ਹੈ ਪਰੰਤੂ ਵਿਆਹ ਸਮੇਂ ਨਾਨਕੀਆਂ ਦਾਦਕੀਆਂ ਇਕ ਦੂਜੀ ਧਿਰ ਦੇ ਅੰਤਰ ਵਿਰੋਧ ਵਿੱਚ ਸਿੱਠਣੀਆਂ ਰਾਹੀ ਆਪਣੇ ਵਿਰੋਧ ਨੂੰ ਪ੍ਰਗਟ ਵੀ ਕਰਦੀਆਂ ਹਨ ਤੇ ਕੋਈ ਵੀ ਧਿਰ ਇਸਦਾ ਬੁਰਾ ਨਹੀਂ ਮਨਾਉਂਦੀ। ਨਾਨਕੇ ਦਾਦਕੇ ਸੰਬੰਧਾਂ ਵਿੱਚ ਆਦਰ ਸਤਿਕਾਰ ਵੀ ਤਣਾਅ ਪੂਰਨ ਹੀ ਹੁੰਦਾ ਹੈ। ਡਾ. ਨਾਹਰ ਸਿੰਘ ਅਨੁਸਾਰ:

*Copyright © 2021, Scholarly Research Journal for Humanity Science & English Language*

"ਮੁੰਡੇ ਦੇ ਵਿਆਹ ਸਮੇਂ ਨਾਨਕਿਆਂ ਦੇ ਮੇਲ ਦਾ ਸੁਆਗਤ ਛੋਟੇ ਗੀਤਾ, ਸਿੱਠਣੀਆਂ ਅਤੇ ਬੰਬੀਹਾ ਬੁਲਾ ਕੇ ਕੀਤਾ ਜਾਂਦਾ ਹੈ। ਨਾਨਕੇ ਤੇ ਦਾਦਕੇ ਇਕ ਦੂਜੇ ਨੂੰ ਸਿੱਠਣੀਆਂ ਵਿੱਚ ਮੁਖਾਤਿਬ ਹੁੰਦੇ ਹਨ।"

ਸਾਕਾਦਾਰੀ ਪ੍ਰਸੰਗ ਅਧੀਨ ਨਾਨਕੇ ਅਤੇ ਦਾਦਕੇ ਪਰਿਵਾਰ ਦੇ ਦੋ ਵੱਡੇ ਥੰਮੇ ਦੇ ਰਿਸ਼ਤੇ ਹਨ ਜਿਹਨਾਂ ਵਿਚੋਂ ਹਰੇਕ ਰਿਸ਼ਤੇ ਦਾ ਜਨਮ ਹੁੰਦਾ ਹੈ। ਦਾਦਕੇ ਪਰਿਵਾਰ ਵਿੱਚ ਪਿਤਾ ਦੇ ਲਹੂ ਦੀ ਮਹਿਕ ਰਲੀ ਹੁੰਦੀ ਹੈ ਤੇ ਨਾਨਕੇ ਪਰਿਵਾਰ ਵਿੱਚ ਮਾਂ ਦੀ ਅੰਦਰ ਦਾ ਨਿੱਘ ਮਹਿਸੂਸ ਹੁੰਦਾ ਹੈ। ਸਮਾਜਕ ਪ੍ਰਬੰਧਾਂ ਅਧੀਨ ਹਰੇਕ ਪਰਿਵਾਰ ਇਹਨਾਂ ਰਿਸ਼ਤਿਆਂ ਦੀ ਉਪਜਨਾ ਦਾ ਸੰਗ੍ਰਹਿ ਹੈ। ਇਹਨਾਂ ਰਿਸ਼ਤਿਆਂ ਦਾ ਆਪਣਾ-ਆਪਣਾ ਰਸ ਤੇ ਮਿਠਾਸ ਹੈ। ਮਾਂ ਦੇ ਪੇਕੇ, ਬੱਚਿਆਂ ਦੇ ਨਾਨਕੇ ਜਾਣ ਦਾ ਚਾਅ ਹਰ ਰਿਸ਼ਤੇ ਤੋਂ ਵਧੇਰੇ ਹੁੰਦਾ ਹੈ ਤੇ ਨਾਨਕ ਘਰ ਜਾਣ ਦੀ ਤਾਘ ਹਮੇਸ਼ਾ ਬਣੀ ਰਹਿੰਦੀ ਹੈ।

### ਹਵਾਲੇ ਅਤੇ ਟਿੱਪਣੀਆਂ

*ਡੇਵਿਸ ਕਿੰਗਜਲੇ, ਮਨੁੱਖੀ ਸਮਾਜ (ਅਨੁ. ਪ੍ਰਕਾਸ਼ ਸਿੰਘ ਜੰਮੂ), ਪੰਨਾ-743.*
*ਏ ਆਰ. ਰੈਡਕਲਿਫ ਬਰਾਊਸ, ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ, ਪੰਨਾ...*
*ਪ੍ਰਭਸ਼ਰਨ ਕੌਰ, ਅੱਖੀਆਂ ਡੁੱਲ-ਡੁੱਲ ਪੈਣ ਨੀ ਮਾਏ, ਪੰਨਾ-123.*
*ਹਰਕੇਸ਼ ਸਿੰਘ ਕਹਿਲ, ਲੋਕ ਗੀਤਾ ਵਿੱਚ ਰਿਸ਼ਤੇ ਨਾਤੇ, ਪੰਨਾ-123.*
*ਸੋਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਪੰਨਾ-81.*
*ਕੁਲਵਿੰਦਰ ਕੌਰ ਛੀਨਾ, ਪੰਜਾਬੀ ਲੋਕਗੀਤਾਂ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ,ਪੰਨਾ-40,41.*
*ਹਰਜੀਤ ਕੌਰ, ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਿਆਂ ਦਾ ਯਥਾਰਥ, ਪੰਨਾ-323.*
*ਜਸਵਿੰਦਰ ਸਿੰਘ, ਸਭਿਆਚਾਰ ਤੇ ਕਿੱਸਾ ਕਾਵਿ, ਪੰਨਾ-146.*
*ਨਾਹਰ ਸਿੰਘ, ਮਾਂ ਸੁਹਾਗਣ ਸ਼ਗਨ ਕਰੇ, ਜਿਲਦ ਸੱਤਵੀਂ ਪੰਨਾ-30.*
*ਹਰਕੇਸ਼ ਸਿੰਘ ਕਹਿਲ, ਲੋਕਗੀਤਾਂ ਵਿੱਚ ਰਿਸ਼ਤੇ ਨਾਤੇ,ਪੰਨਾ-40.*
*ਕੁਲਵਿੰਦਰ ਸਿੰਘ ਕਹਿਲ, ਲੋਕਗੀਤਾਂ ਵਿੱਚ ਰਿਸ਼ਤੇ ਨਾਤੇ, ਪੰਨਾ-40.*
*ਪ੍ਰਭਸ਼ਰਨ ਕੌਰ, ਅੱਖੀਆਂ ਡੁੱਲ-ਡੁੱਲ ਪੈਣ ਨੀ ਮਾਏ, ਪੰਨਾ-25.*
*ਅੰਮ੍ਰਿਤਾ ਪ੍ਰੀਤਮ, ਪੰਜਾਬ ਦੀ ਆਵਾਜ਼, ਪੰਨਾ-15.*
*ਉਹੀ, ਪੰਨਾ-13.*
*ਸੋਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਪੰਨਾ-8,5.*
*ਸੋਹਿੰਦਰ ਸਿੰਘ ਬੇਦੀ, ਉਹੀ, ਪੰਨਾ-8,6.*
*ਜਸਵਿੰਦਰ ਸਿੰਘ, ਉਹੀ ਪੰਨਾ-159-160.*
*ਕੁਲਵਿੰਦਰ ਕੌਰ ਛੀਨਾ, ਉਹੀ, ਪੰਨਾ-106.*
*ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਪੰਨਾ-36.*
*ਕੁਲਵਿੰਦਰ ਕੌਰ ਛੀਨਾ, ਉਹੀ, ਪੰਨਾ-43.*

*Copyright © 2021, Scholarly Research Journal for Humanity Science & English Language*